# ਰੂਹ ਪੰਜਾਬ ਦੀ



Namdhari Elibrary
namdhari.elibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

# ਰੂਹ ਪੰਜਾਬ ਦੀ

(ਜੀਵਨੀ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਣੀ ਜਿੰਦ ਕੌਰ)

ਸੁਰਿੰਦਰ ਕੌਰ ਖਰਲ

**ਰਘਬੀਰ ਰਚਨਾ ਪ੍ਰਕਾਸ਼ਨ**
**ਚੰਡੀਗੜ੍ਹ**

Namdhari Elibrary    Namdhari Elibrary@gmail.com

Approved by D.P.I. (Pb )
Vide Memo No. 3/22-98 dt. 2-11-98

**ਸੰਸਕਰਣ**

**1996**

**ਪ੍ਰਕਾਸ਼ਕ**

ਰਘਬੀਰ ਰਚਨਾ ਪ੍ਰਕਾਸ਼ਨ
ਐਸ. ਸੀ. ਓ. 368 (ਬੇਸਮੈਂਟ)
ਸੈਕਟਰ 35-ਡੀ, ਚੰਡੀਗੜ੍ਹ ।
ਫੋਨ : 612560

**ਪ੍ਰਿੰਟਰ**

ਸੰਦੀਪ ਆਰਟ ਪ੍ਰਿੰਟਰਜ਼
ਚੰਡੀਗੜ੍ਹ

**ਮੁੱਲ**

30 ਰੁਪਏ

Namdhari Elibrary Namdhari Elibrary@gmail.com

# ਸਮਰਪਿਤ

ਉਸ ਨੂੰ ਜਿਸ ਨੇ ਮੈਨੂੰ ਇਹ ਲਿਖਣ ਦੀ
ਪ੍ਰੇਰਨਾ ਦਿੱਤੀ ਅਤੇ ਲਿਖਣ ਲਈ
ਬਲ ਬਖਸ਼ਿਆ ।

Namdhari Elibrary NamdhariElibrary@gmail.com

Namdhari Elibrary Namdhari Elibrary@gmail.com

# ਮਹਾਂਬਲੀ ਰਣਜੀਤ ਸਿੰਘ

## ਬਾਲ ਅਵਸਥਾ

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ. ਨੂੰ ਗੁਜਰਾਂਵਾਲਾ ਵਿਖੇ ਸ੍ਰ. ਮਹਾਂ ਸਿੰਘ (ਪੁੱਤਰ ਸ੍ਰ. ਚੜ੍ਹਤ ਸਿੰਘ) ਦੇ ਘਰ ਹੋਇਆ। ਸ਼ੁਕਰਚਕੀਆਂ ਮਿਸਲ ਦੇ ਮੁਖੀ ਮਹਾਂ ਸਿੰਘ ਦਾ ਜ਼ੋਰ ਲਾਹੌਰ ਦੇ ਨੇੜੇ ਗੁਜਰਾਂਵਾਲਾ ਦੇ ਇਲਾਕੇ 'ਤੇ ਸੀ। ਰਣਜੀਤ ਸਿੰਘ ਦੀ ਮਾਤਾ ਦਾ ਨਾਮ ਰਾਜ ਕੌਰ ਸੀ, ਜਿਹੜੀ ਕਿ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਧੀ ਸੀ। ਰਾਜ ਕੌਰ ਮਾਲਵੇ ਦੇ ਇਲਾਕੇ ਦੀ ਹੋਣ ਕਰਕੇ 'ਮਾਈ ਮਲਵੈਣ' ਦੇ ਨਾਂ ਨਾਲ ਪ੍ਰਸਿੱਧ ਸੀ।

ਮਾਪਿਆਂ ਦਾ ਇਕੋ ਇਕ ਪੁੱਤਰ ਹੋਣ ਕਾਰਣ ਰਣਜੀਤ ਸਿੰਘ ਦਾ ਪਾਲਣ ਪੋਸਣ ਬੜੇ ਲਾਡ ਪਿਆਰ ਨਾਲ ਕੀਤਾ ਗਿਆ। ਬਚਪਨ ਵਿਚ ਰਣਜੀਤ ਸਿੰਘ ਨੂੰ ਏਨੀ ਡਾਢੀ ਚੇਚਕ ਨਿਕਲੀ ਕਿ ਉਸ ਦੇ ਬਚਣ ਦੀ ਕੋਈ ਆਸ ਨਾ ਰਹੀ। ਉਸ ਦੇ ਮਾਪਿਆਂ ਨੇ ਉਸ 'ਤੇ ਆਈ ਬਿਪਤਾ ਨੂੰ ਟਾਲਣ ਲਈ ਬਹੁਤ ਸਾਰਾ ਧਨ ਦਾਨ ਕੀਤਾ। ਅਰਾਮ ਤਾਂ ਆ ਗਿਆ, ਪਰ ਇਕ ਅੱਖ ਜਾਂਦੀ ਰਹੀ।

ਪੜ੍ਹਨ ਲਿਖਣ ਵਿਚ ਰਣਜੀਤ ਸਿੰਘ ਜੀ ਜ਼ਿਆਦਾ ਰੁਚੀ ਨਹੀਂ ਸੀ, ਪਰ ਉਸ ਨੇ ਯੁੱਧ ਵਿਦਿਆ ਵਿਚ ਨਿਪੁੰਨਤਾ ਹਾਸਲ ਕਰ ਲਈ। ਉਸ ਨੂੰ ਘੋੜ ਸਵਾਰੀ, ਸ਼ਿਕਾਰ ਖੇਡਣ ਅਤੇ ਨਿਸ਼ਾਨੇ-ਬਾਜ਼ੀ ਦਾ ਸ਼ੌਂਕ ਸੀ। ਆਪਣੇ ਬਾਲਪਨ ਦਾ ਵੱਡਾ ਹਿੱਸਾ ਉਸ ਨੇ ਆਪਣੇ ਦੋਸਤਾਂ ਨਾਲ ਨਕਲੀ ਲੜਾਈਆਂ ਲੜਦਿਆਂ ਗੁਜ਼ਾਰਿਆ। ਰਣਜੀਤ ਸਿੰਘ ਦੀ ਨਿਸ਼ਾਨੇ-ਬਾਜ਼ੀ ਅਤੇ ਯੁੱਧ-ਕਲਾ ਨੂੰ ਵੇਖ ਕੇ ਇਕ ਵਾਰ ਉਸ ਦੇ ਪਿਤਾ ਨੇ ਕਿਹਾ 'ਗੁਜਰਾਂਵਾਲਾ ਦਾ ਇਲਾਕਾ ਮੇਰੇ ਬਹਾਦਰ ਪੁੱਤਰ ਰਣਜੀਤ ਸਿੰਘ ਲਈ ਕਾਫ਼ੀ ਨਹੀਂ ਹੋਵੇਗਾ। ਉਹ ਇਕ ਦਿਨ ਆਪਣੇ ਲਈ ਵੱਡਾ ਰਾਜ ਕਾਇਮ ਕਰੇਗਾ।'

ਜਦੋਂ ਰਣਜੀਤ ਸਿੰਘ ਦਸ ਵਰ੍ਹਿਆਂ ਦਾ ਹੀ ਸੀ ਤਾਂ ਉਸਨੇ ਆਪਣੇ ਪਿਤਾ ਨਾਲ ਲੜਾਈਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇਕ ਵਾਰ ਇਕ ਲੜਾਈ ਦੌਰਾਨ ਉਸ ਦੇ ਪਿਤਾ ਬਿਮਾਰ ਪੈਣ ਕਾਰਣ ਪਰਤ ਆਏ, ਤਾਂ ਰਣਜੀਤ



Namdhari Elibrary    NamdhariElibrary@gmail.com

ਸਿੰਘ ਨੇ ਇਸ ਲੜਾਈ ਵਿਚ ਉਹ ਬਹਾਦਰੀ ਵਿਖਾਈ ਕਿ ਨਾ ਸਿਰਫ ਵੈਰੀ ਨੂੰ ਡਾਢੀ ਹਾਰ ਹੋਈ, ਸਗੋਂ ਰਣਜੀਤ ਸਿੰਘ ਨੇ ਵੈਰੀ ਦਾ ਬਹੁਤ ਸਾਰਾ ਗੋਲਾ ਬਾਰੂਦ ਅਤੇ ਹੋਰ ਸਮਾਨ ਆਪਣੇ ਕਬਜ਼ੇ ਵਿਚ ਲੈ ਲਿਆ ।

ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਣਜੀਤ ਸਿੰਘ ਦਾ ਨਾਂ ਨਾਨਕਿਆਂ ਨੇ ਬੁੱਧ ਸਿੰਘ ਰਖਿਆ ਸੀ ਪਰ ਇਸ ਜਿੱਤ ਤੋਂ ਬਾਅਦ ਪਿਤਾ ਨੇ ਪ੍ਰਭਾਵਿਤ ਹੋ ਕੇ ਉਸ ਦਾ ਨਾਂ ਬਦਲ ਕੇ ਰਣਜੀਤ ਸਿੰਘ ਰੱਖ ਦਿੱਤਾ ਅਰਥਾਤ ਰਣ (ਲੜਾਈ) ਨੂੰ ਜਿੱਤਣ ਵਾਲਾ ।

## *ਵਿਆਹ*

ਰਣਜੀਤ ਸਿੰਘ ਦੀ ਮੰਗਣੀ ਪੰਜ ਸਾਲ ਦੀ ਉਮਰ ਵਿਚ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤਰੀ ਅਤੇ ਸਰਦਾਰ ਗੁਰਬਖ਼ਸ਼ ਸਿੰਘ ਤੇ ਸਦਾ ਕੌਰ ਦੀ ਧੀ ਮਹਿਤਾਬ ਕੌਰ ਨਾਲ ਕਰ ਦਿੱਤੀ ਗਈ।

ਰਣਜੀਤ ਸਿੰਘ ਨੇ ਹੋਰ ਵੀ ਕਈ ਵਿਆਹ ਕੀਤੇ । 18 ਸਾਲ ਦੀ ਉਮਰ ਵਿਚ ਉਸ ਨੇ ਨਕਈ ਮਿਸਲ ਦੇ ਸਰਦਾਰ ਕਰਮ ਸਿੰਘ ਦੀ ਧੀ ਰਾਜ ਕੌਰ ਨਾਲ ਵਿਆਹ ਕਰਕੇ ਇਕ ਹੋਰ ਵਿਆਹੁਤਾ ਗਠ-ਜੋੜ ਬਣਾ ਲਿਆ ।

ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਦੀਆਂ ਅਠਾਰਾਂ ਰਾਣੀਆਂ ਤੇ ਸੱਤ ਪੁੱਤਰ ਸਨ । ਸਭ ਤੋਂ ਛੋਟਾ ਪੁੱਤਰ ਖੜਕ ਸਿੰਘ ਸੀ । ਰਣਜੀਤ ਸਿੰਘ ਦੀ ਸਭ ਤੋਂ ਛੋਟੀ ਤੇ ਸਭ ਤੋਂ ਪਿਆਰੀ ਰਾਣੀ, ਮਹਾਰਾਣੀ ਜਿੰਦਾਂ ਸੀ, ਜਿਸ ਦੇ ਪੁੱਤਰ ਦਲੀਪ ਸਿੰਘ ਨੂੰ, ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਜਲਾਵਤਨ ਕਰਕੇ ਇੰਗਲੈਂਡ ਲੈ ਗਏ ਸਨ ।

## *ਰਾਜ ਦੀ ਵਾਗਡੋਰ*

ਰਣਜੀਤ ਸਿੰਘ ਅਜੇ ਬਾਰਾਂ ਕੁ ਸਾਲਾਂ ਦਾ ਸੀ, ਜਦੋਂ ਉਸ ਦਾ ਪਿਤਾ ਸ੍ਰ. ਮਹਾਂ ਸਿੰਘ ਭਰ ਜਵਾਨੀ ਵਿਚ ਚੜ੍ਹਾਈ ਕਰ ਗਿਆ । ਮਿਸਲ ਦੇ ਵਾਰਿਸ ਰਣਜੀਤ ਸਿੰਘ ਨੂੰ ਉਸ ਦੀ ਮਾਤਾ ਰਾਜ ਕੌਰ ਅਤੇ ਦੀਵਾਨ ਲਖਪਤ ਰਾਏ ਬੋਚ



Namdhari Elibrary NamdhariElibrary@gmail.com



ਬਾਲਕ ਰਣਜੀਤ ਸਿੰਘ



NamdhariElibrary NamdhariElibrary@gmail.com

ਬੋਚ ਕੇ ਕਦਮ ਰੱਖਣ ਦੀ ਸਲਾਹ ਦੇਣ ਲੱਗੇ।

ਜਦੋਂ ਰਣਜੀਤ ਸਿੰਘ ਸਤਾਰਾਂ ਸਾਲਾਂ ਦਾ ਹੋਇਆ ਤਾਂ ਉਸਨੇ ਮਿਸਲ ਦਾ ਪ੍ਰਬੰਧ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਆਪਣੇ ਪਿਤਾ ਦੇ ਮਾਮੇ ਸਰਦਾਰ ਦਲ ਸਿੰਘ ਨੂੰ ਆਪਣਾ ਵੱਡਾ ਵਜ਼ੀਰ ਬਣਾ ਲਿਆ। ਉਸ ਵੇਲੇ ਪੰਜਾਬ ਵਿਚ ਚੌਹੀਂ ਪਾਸੀਂ ਅਸ਼ਾਂਤੀ ਤੇ ਗੜਬੜ ਸੀ। ਸਿੱਖ, ਪਠਾਣ, ਡੋਗਰੇ ਅਤੇ ਅਫ਼ਗਾਨ ਆਪਸ ਵਿਚ ਲੜ ਰਹੇ ਸਨ ਤੇ ਇਕ ਦੂਜੇ ਦਾ ਰਾਜ ਖੋਹ ਰਹੇ ਸਨ। ਸਿੱਖ ਮਿਸਲਾਂ ਵਿਚਕਾਰ ਆਪਸੀ ਝਗੜੇ, ਲੁੱਟਮਾਰ ਤੇ ਖਿਚੋਤਾਣ ਚਲ ਰਹੀ ਸੀ। ਮਿਸਲਾਂ ਦੀ ਏਕਤਾ ਖ਼ਤਮ ਹੋ ਚੁੱਕੀ ਸੀ।

## *ਸ਼ਕਤੀ ਤੇ ਪ੍ਰਸਿੱਧੀ*

ਰਣਜੀਤ ਸਿੰਘ ਨੂੰ ਇਕ ਗੱਲ ਬੜੀ ਰੜਕਦੀ ਸੀ ਕਿ ਜਦੋਂ ਅਫ਼ਗਾਨ ਕਾਬਲ ਤੋਂ ਲਾਹੌਰ ਵੱਲ ਆਉਂਦੇ ਸਨ ਤਾਂ ਲਾਹੌਰ ਦੇ ਭੰਗੀ ਸਰਦਾਰ ਸ਼ਹਿਰ ਨੂੰ ਖਾਲੀ ਕਰ ਜਾਂਦੇ ਸਨ। ਉਹ ਅਫ਼ਗਾਨ ਹਮਲਾਵਰਾਂ ਨੂੰ ਲਲਕਾਰਨਾ ਚਾਹੁੰਦਾ ਸੀ। ਸ਼ਾਹ ਜ਼ਮਾਨ ਦੇ ਚੌਥੇ ਹਮਲੇ ਸਮੇਂ ਸਤਾਰਾਂ ਸਾਲਾ ਗੱਭਰੂ ਰਣਜੀਤ ਸਿੰਘ ਨੇ ਪ੍ਰਣ ਕੀਤਾ ਕਿ ਉਹ ਲਾਹੌਰ ਦੇ ਕਿਲ੍ਹੇ ਤੇ ਸ਼ਾਹ ਜ਼ਮਾਨ ਨੂੰ ਟਿਕਣ ਨਹੀਂ ਦੇਵੇਗਾ।

ਪੰਜਾਬ ਦਾ ਕੋਈ ਵੀ ਰਾਜਾ ਨਹੀਂ ਸੀ, ਜਿਹੜਾ ਟਿਕੱਲਾ ਉਸ ਸ਼ਾਹ ਜ਼ਮਾਨ ਦਾ ਮੁਕਾਬਲਾ ਕਰ ਸਕੇ, ਜਿਸ ਪਾਸ ਤੀਹ ਹਜ਼ਾਰ ਫ਼ੌਜ ਦੇ ਨਾਲ ਬਹੁਤ ਸਾਰੀਆਂ ਭਾਰੀਆਂ ਤੋਪਾਂ ਸਨ। ਇਸੇ ਕਰਕੇ ਸਾਂਝੇ ਖ਼ਤਰੇ ਦੇ ਸਾਹਮਣੇ ਸਾਂਝੇ ਉੱਦਮ ਦੀ ਲੋੜ ਦਾ ਅਨੁਭਵ ਹੋਇਆ। ਰਣਜੀਤ ਸਿੰਘ ਨੇ ਸਥਿਤੀ ਨੂੰ ਭਾਂਪਦਿਆਂ, ਅੰਮ੍ਰਿਤਸਰ ਵਿਚ ਸਿੱਖ ਸਰਦਾਰਾਂ ਦੇ ਸਮਾਗਮ ਨੂੰ ਸੰਬੋਧਨ ਕੀਤਾ ਤਾਂ ਕਈ ਸਰਦਾਰ ਉਹਦੇ ਨਾਲ ਰਲਣ ਅਤੇ ਉਹਦੀ ਅਗਵਾਈ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਗਏ।

1797 ਈਸਵੀ ਵਿਚ ਜਦੋਂ ਸ਼ਾਹ ਜ਼ਮਾਨ ਬਿਨਾਂ ਰੋਕ ਟੋਕ ਦੇ ਲਾਹੌਰ ਉੱਤੇ ਕਾਬਜ਼ ਹੋ ਗਿਆ ਅਤੇ ਭੰਗੀ ਸਰਦਾਰ ਸ਼ਹਿਰ ਛੱਡ ਕੇ ਚਲੇ ਗਏ ਤਾਂ ਰਣਜੀਤ ਸਿੰਘ ਅਤੇ ਉਸਦੇ ਅਣਖੀਲੇ ਘੋੜ-ਸਵਾਰਾਂ ਨੇ ਲਾਹੌਰ ਦੇ ਕਿਲ੍ਹੇ ਦੇ ਚੌਗਿਰਦੇ


NamdhariElibrary NamdhariElibrary@gmail.com



ਮਹਾਰਾਜਾ ਰਣਜੀਤ ਸਿੰਘ, ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾਉਂਦੇ ਹੋਏ ।



Namdhari Elibrary Namdhari Elibrary@gmail.com


ਘੇਰਾ ਪਾ ਲਿਆ। ਸ਼ਾਹ ਜ਼ਮਾਨ ਦੇ ਰਾਹ ਕੱਟ ਦਿੱਤੇ ਗਏ। ਜਦੋਂ ਉਸ ਦੀਆਂ ਫ਼ੌਜਾਂ ਅੰਮ੍ਰਿਤਸਰ ਵੱਲ ਨੂੰ ਵਧੀਆਂ ਤਾਂ ਰਣਜੀਤ ਸਿੰਘ ਦੇ ਸੂਰਬੀਰਾਂ ਨੇ ਪਠਾਣਾਂ ਦੇ ਛੱਕੇ ਛੁੜਾ ਦਿੱਤੇ ਅਤੇ ਉਹ ਕਿਲ੍ਹੇ ਵਿਚ ਬੰਦ ਹੋ ਕੇ ਬੈਠਣ ਲਈ ਮਜਬੂਰ ਹੋਏ ਤਾਂ ਰਣਜੀਤ ਸਿੰਘ ਨੇ ਤਿੰਨ ਵਾਰ ਆਪਣੇ ਘੋੜ ਚੜ੍ਹਿਆਂ ਸਮੇਤ ਸੰਮਨ ਬੁਰਜ ਦੇ ਹੇਠਾਂ ਖਲੋ ਕੇ ਬੰਦੂਕਾਂ ਦੇ ਨਿਸ਼ਾਨੇ ਬੰਨ੍ਹ ਕੇ ਫਾਇਰ ਕਰਦਿਆਂ ਸ਼ਾਹ ਜ਼ਮਾਨ ਨੂੰ ਕਿਲ੍ਹੇ 'ਚੋਂ ਬਾਹਰ ਨਿਕਲਣ ਲਈ ਵੰਗਾਰ ਕੇ ਕਿਹਾ, 'ਓ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ! ਵੇਖ ਚੜ੍ਹਤ ਸਿੰਘ ਦਾ ਪੋਤਰਾ ਆਇਆ ਹੈ। ਬਾਹਰ ਆ ਕੇ ਇਸ ਨਾਲ ਦੋ ਦੋ ਹੱਥ ਕਰ ਲੈ।' ਸ਼ਾਹ ਜ਼ਮਾਨ ਇਨ੍ਹਾਂ ਹੱਲਿਆ ਤੋਂ ਘਬਰਾ ਕੇ ਲਾਹੌਰ ਦਾ ਕਿਲ੍ਹਾ ਛੱਡ ਕੇ ਸੰਨ 1798 ਵਿਚ ਕਾਬਲ ਵਾਪਸ ਚਲਾ ਗਿਆ।

ਸੰਨ 1809 ਤਕ ਮਹਾਰਾਜਾ ਰਣਜੀਤ ਸਿੰਘ ਨੇ ਜੰਮੂ, ਅੰਮ੍ਰਿਤਸਰ, ਕਸੂਰ, ਝੰਗ, ਕਾਂਗੜਾ, ਜਲੰਧਰ, ਸਿਆਲਕੋਟ, ਵਜ਼ੀਰਾਬਾਦ, ਲੁਧਿਆਣਾ, ਸਰਹੰਦ, ਸ਼ੇਰਗੜ੍ਹ, ਅੰਬਾਲਾ ਵਗੈਰਾ ਬਹੁਤ ਸਾਰੇ ਇਲਾਕੇ ਜਿੱਤ ਲਏ ਸਨ। ਆਪਣੀ ਫ਼ੌਜ ਸਮੇਤ ਤਿੰਨ ਵਾਰ ਸਤਲੁਜ ਪਾਰ ਕਰਕੇ ਉਸ ਪਾਰ-ਵਸਦੇ ਪੰਜਾਬੀਆਂ ਨਾਲ ਸਾਂਝ ਪਾਈ, ਉਨ੍ਹਾਂ ਦੇ ਹੁਕਮਰਾਨ ਸਰਦਾਰਾਂ ਤੋਂ ਕਰ ਵਸੂਲ ਕੀਤੇ, ਸੁਗਾਤਾਂ ਲਈਆਂ, ਜਾਗੀਰਾਂ ਦਿੱਤੀਆਂ ਅਤੇ ਉਨ੍ਹਾਂ ਦਾ ਸਿਰਤਾਜ ਹੋਣ ਦਾ ਐਲਾਨ ਕੀਤਾ। ਪੰਜਾਬ ਦੇ ਇਲਾਕੇ ਨੂੰ ਇਕ-ਮਿਕ ਕਰਨ ਲਈ ਰਣਜੀਤ ਸਿਘ ਨੇ ਲੋੜ ਪੈਣ 'ਤੇ ਤਲਵਾਰ ਦਾ ਸਹਾਰਾ ਵੀ ਲਿਆ ਤੇ ਯੁੱਧ-ਨੀਤੀ ਅਤੇ ਸਿਆਸਤ ਦਾ ਵੀ।

## *ਅੰਗਰੇਜ਼ ਸਰਕਾਰ ਨਾਲ ਸੰਬੰਧ*

ਬਰਤਾਨਵੀ ਸਰਕਾਰ, ਜੋ ਹੁਣ ਤਕ ਭਾਰਤ ਵਿਚ ਲਗਭਗ ਸਾਰੇ ਇਲਾਕੇ 'ਤੇ ਕਾਬਜ਼ ਹੋ ਚੁੱਕੀ ਸੀ ਅਤੇ ਜਿਸ ਦੀ ਨਜ਼ਰ ਹੁਣ ਪੰਜਾਬ ਦੇ ਇਲਾਕੇ ਉਤੇ ਸੀ, ਨੂੰ ਮਹਾਰਾਜਾ ਰਣਜੀਤ ਸਿੰਘ ਦੀ ਵਧ ਰਹੀ ਤਾਕਤ ਏਨੀਂ ਜ਼ੋਰਦਾਰ ਲੱਗੀ ਕਿ ਇਸ ਦੇ ਵਾਧੇ ਤੇ ਰੋਕ ਪਾ ਦੇਣੀਂ ਜ਼ਰੂਰੀ ਸਮਝੀ ਗਈ। ਮਹਾਰਾਜਾ ਰਣਜੀਤ ਸਿੰਘ ਸਿੱਖ ਸਰਦਾਰਾਂ ਵਿਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਸੀ ਅਤੇ ਅੰਗਰੇਜ਼ ਉਸ ਦੀ ਸ਼ਕਤੀ ਤੋਂ ਵਾਕਫ਼ ਸਨ। ਇਕ ਅੰਗਰੇਜ਼ ਉੱਚ-ਅਧਿਕਾਰੀ ਸਰ ਚਾਰਲਸ ਮੈਟਕਾਫ਼ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮੁਲਾਕਾਤ ਕਰਨ ਲਈ ਅੰਮ੍ਰਿਤਸਰ


Namdhari Elibrary Namdhari.elibrary@gmail.com



ਸਤਲੁਜ ਪਾਰ ਦੇ ਪੰਜਾਬੀ ਮਹਾਰਾਜਾ ਤੋਂ ਸੁਗਾਤਾਂ ਪ੍ਰਾਪਤ ਕਰਦੇ ਹੋਏ ।



Namdhari Elibrary        NamdhariElibrary@gmail.com

ਭੇਜਿਆ ਗਿਆ ਅਤੇ ਸੰਧੀ ਹੋਣ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਲੀ ਵਲ ਵਧਣ ਤੋਂ ਰੋਕਣ ਲਈ, ਉਸ ਨੂੰ ਸਾਰੇ ਸਿੱਖਾਂ ਦਾ ਸੁਤੰਤਰ ਰਾਜਾ ਮੰਨਿਆ ਗਿਆ ਤੇ ਉਸ ਦੇ ਰਾਜ ਦੀ ਹੱਦ ਸਤਲੁਜ ਦਰਿਆ ਮਿੱਥ ਦਿੱਤੀ ਗਈ। ਇਹ ਮੰਨ ਲਿਆ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਸਤਲੁਜ ਦਰਿਆ ਨਹੀਂ ਪਾਰ ਕਰਨਗੀਆਂ ਤੇ ਅੰਗਰੇਜ਼ ਮਹਾਰਾਜਾ ਦੇ ਇਲਾਕੇ ਵਿਚ ਦਖਲ-ਅੰਦਾਜ਼ੀ ਨਹੀਂ ਕਰਨਗੇ।

ਇਸ ਸੰਧੀ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਧਿਆਨ ਲਾਹੌਰ ਤੋਂ ਪਰਲੇ ਪਾਸੇ ਦੇ ਇਲਾਕਿਆਂ ਵਲ ਕੀਤਾ। ਸੰਨ 1809 ਤੋਂ 1822 ਦੇ ਵਿਚਕਾਰ ਉਸ ਨੇ ਕਸ਼ਮੀਰ, ਮੁਲਤਾਨ, ਸਿੰਧ ਦੇ ਭਾਗ ਅਟਕ, ਬੰਨੂ ਅਤੇ ਡੇਰਾਜਾਤ ਆਦਿ ਹੋਰ ਇਲਾਕੇ ਜਿੱਤ ਕੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ।

ਅੰਗਰੇਜ਼ ਹਾਕਮਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਜਿਊਂਦੇ ਜੀਅ ਮਿੱਤਰਤਾ ਬਣਾਈ ਰੱਖੀ। ਦੋਹਾਂ ਧਿਰਾਂ ਦੇ ਰਾਜਦੂਤ ਇਕ ਦੂਜੇ ਤੇ ਰਾਜ ਵਿਚ ਮਿੱਤਰਾਂ ਵਾਂਗ ਆਉਂਦੇ ਜਾਂਦੇ ਅਤੇ ਇਕ ਦੂਜੇ ਨੂੰ ਸੁਗਾਤਾਂ ਦਿੰਦੇ ਰਹੇ। ਹਿੰਦੁਸਤਾਨ ਦੇ ਗਵਰਨਰ ਜਨਰਲ ਸਰ ਵਿਲੀਅਮ ਬੈਂਟਿੰਗ ਤੇ ਮਹਾਰਾਜਾ ਰਣਜੀਤ ਸਿੰਘ ਦੀ 26 ਅਕਤੂਬਰ ਸੰਨ 1831 ਨੂੰ ਰੋਪੜ ਵਿਚ ਹੋਈ ਪ੍ਰਸਿੱਧ ਮੁਲਾਕਾਤ ਦੀ ਆਨ-ਸ਼ਾਨ ਤਾਂ ਜਗਤ-ਚਰਚਾ ਦਾ ਵਿਸ਼ਾ ਬਣ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਚਾਰ ਪ੍ਰਾਂਤਾਂ ਲਾਹੌਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਵਿਚ ਵੰਡਿਆ ਹੋਇਆ ਸੀ। ਹਰ ਪ੍ਰਾਂਤ ਇਕ ਗਵਰਨਰ ਦੇ ਅਧੀਨ ਹੁੰਦਾ ਸੀ, ਜਿਸ ਨੂੰ ਨਾਜ਼ਿਮ ਕਹਿੰਦੇ ਸਨ। ਇਨ੍ਹਾਂ ਅਹੁੱਦਿਆਂ ਉਤੇ ਬਹੁਤ ਹੀ ਭਰੋਸੇਯੋਗ ਅਤੇ ਲਾਇਕ ਵਿਅਕਤੀ ਨਿਯੁਕਤ ਕੀਤੇ ਜਾਂਦੇ ਸਨ।

ਹਰ ਪ੍ਰਾਂਤ ਨੂੰ ਅੱਗੇ ਜ਼ਿਲ੍ਹਿਆਂ ਵਿਚ ਵੰਡਿਆ ਹੁੰਦਾ ਸੀ। ਜ਼ਿਲ੍ਹੇ ਦੇ ਮੁੱਖ ਅਫ਼ਸਰ ਨੂੰ ਕਾਰਦਾਰ ਕਿਹਾ ਜਾਂਦਾ ਸੀ। ਜ਼ਿਲ੍ਹੇ ਦੀ ਅੱਗੇ ਵੰਡ ਪਿੰਡਾਂ ਵਿਚ ਕੀਤੀ



Namdhari Elibrary NamdhariElibrary@gmail.com



ਮਹਾਰਾਜਾ ਰਣਜੀਤ ਸਿੰਘ ਬਜ਼ੁਰਗਾਂ ਦੀ ਮਦਦ ਕਰਦੇ ਹੋਏ ।



Namdhari Elibrary NamdhariElibrary@gmail.com

ਗਈ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਕਰਦੀਆਂ ਸਨ। ਪੰਚਾਇਤਾਂ ਤੋਂ ਇਲਾਵਾ ਨਾਜ਼ਿਮ ਤੇ ਕਾਰਦਾਰ ਵੀ ਮੁਕੱਦਮਿਆਂ ਅਤੇ ਅਪੀਲਾਂ ਦੇ ਫੈਸਲੇ ਕਰਨ ਦੇ ਜ਼ੁੰਮੇਵਾਰ ਸਨ। ਅੰਮ੍ਰਿਤਸਰ, ਪਿਸ਼ਾਵਰ ਅਤੇ ਮੁਲਤਾਨ ਵਗੈਰਾ ਵਿਚ ਸੂਬਾਈ ਅਦਾਲਤਾਂ ਸਨ। ਸਾਰਿਆਂ ਤੋਂ ਉੱਪਰ ਲਾਹੌਰ ਵਿਚ ਅਦਾਲਤ-ਏ-ਆਲਾ ਸੀ। ਇੰਜ ਰਾਜ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਸੀ, ਜਿਥੇ ਗਵਰਨਰ, ਸੂਬੇਦਾਰ, ਨਾਜ਼ਿਮ ਸਾਰਾ ਪ੍ਰਬੰਧ ਚਲਾਉਂਦੇ ਸਨ ਤੇ ਲਾਹੌਰ ਨੂੰ ਕੇਂਦਰ ਕਿਹਾ ਜਾਂਦਾ ਸੀ।

## ਸਮਰਪਣ ਭਾਵਨਾ

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਪ੍ਰਾਪਤੀ ਹੋਈ ਸੀ ਤਾਂ ਉਸ ਨੇ ਆਪਣੇ ਆਪ ਨੂੰ ਜਨਤਾ ਦਾ ਸੇਵਕ ਦੱਸਿਆ ਅਤੇ ਆਪਣੇ ਰਾਜ-ਭਾਗ ਨੂੰ ਆਪਣੀ ਨਿੱਜੀ ਸਿਆਣਪ ਤੇ ਸਮਰੱਥਾ ਦੀ ਦੇਣ ਨਹੀਂ ਸਮਝਿਆ ਸਗੋਂ ਸਤਿਗੁਰੂ ਦੀ ਮਿਹਰ ਤੇ ਉਨ੍ਹਾਂ ਦੇ ਸਾਜੇ ਹੋਏ ਖਾਲਸਾ ਪੰਥ ਦੀ ਘਾਲ ਰਾਹੀਂ ਪ੍ਰਾਪਤ ਹੋਇਆ ਜਾਣਿਆ। ਇਸ ਲਈ ਇਸ ਨੂੰ ਆਪਣੀ ਸਰਕਾਰ ਕਹਿਣ ਦੀ ਥਾਂ 'ਸਰਕਾਰ-ਏ-ਖਾਲਸਾ' ਅਤੇ ਇਸ ਦੇ ਦਰਬਾਰ ਨੂੰ 'ਦਰਬਾਰ-ਏ-ਖਾਲਸਾ' ਹੋਣ ਦਾ ਐਲਾਨ ਕੀਤਾ। ਖ਼ੁਦ ਨੂੰ 'ਗੁਰੂ ਕਾ ਨਗਾਰਾ ਰਣਜੀਤ' ਆਖਦਿਆਂ ਆਮ ਲੋਕਾਂ ਤੋਂ 'ਸੁਲਤਾਨ ਜਾਂ ਬਾਦਸ਼ਾਹ' ਅਖਵਾਉਣ ਦੀ ਥਾਂ 'ਸਰਕਾਰ' ਜਾਂ 'ਸਿੰਘ ਸਾਹਿਬ' ਅਖਵਾਉਣਾ ਬੇਹਤਰ ਸਮਝਿਆ ਅਤੇ ਇੰਝ ਬਾਦਸ਼ਾਹ ਹੁੰਦੇ ਹੋਏ ਵੀ ਆਪਣੇ ਆਪ ਨੂੰ ਬਾਦਸ਼ਾਹ ਨਹੀਂ ਜਾਣਿਆ। ਨਾ ਸਿਰ 'ਤੇ ਤਾਜ ਪਹਿਨਿਆ ਅਤੇ ਨਾ ਤਖ਼ਤ ਉਤੇ ਬੈਠੇ।

ਮਹਾਰਾਜਾ ਰਣਜੀਤ ਸਿੰਘ ਨੇ ਆਪਾ ਸਤਿਗੁਰੂ ਨੂੰ ਸਮਰਪਿਤ ਕੀਤਾ ਹੋਇਆ ਸੀ। ਸਦਾ ਨਿਮ੍ਰਤਾ ਅਤੇ ਸੇਵਕੀ ਭਾਵ ਰੱਖਿਆ। ਉਹ ਰੋਜ਼ ਸਵੇਰ ਦੀ ਅਰਦਾਸ ਨਾਲ ਕਾਰਜ ਸ਼ੁਰੂ ਕਰਦੇ ਸਨ ਅਤੇ ਜਦੋਂ ਕੋਈ ਦੁਬਿਧਾ ਘੇਰਦੀ ਸੀ ਤਾਂ ਅੱਖਾਂ ਬੰਦ ਕਰ, ਹੱਥ ਜੋੜ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੇ ਸਨ। ਉਹ ਹਰ ਸਵੇਰ ਪਵਿੱਤਰ ਬਾਣੀ ਨੂੰ ਸੁਣਦੇ ਅਤੇ ਹਰ ਸ਼ਾਮ ਧਿਆਨ ਵਿਚ ਬੈਠਦੇ ਅਤੇ ਸਿਮਰਨ ਕਰਦੇ। ਪਵਿੱਤਰ ਗ੍ਰੰਥ ਵਿਚੋਂ ਵਾਕ ਲਏ ਬਿਨਾਂ ਉਹ ਕੋਈ ਵਿਸ਼ੇਸ਼


NamdhariElibrary NamdhariElibrary@gmail.com

ਕੰਮ ਸ਼ੁਰੂ ਨਹੀਂ ਸਨ ਕਰਦੇ। ਉਸ ਆਪਣੇ ਆਪ ਨੂੰ ਵੀ ਕਦੇ ਗੁਨਾਹਾਂ ਤੋਂ ਰਹਿਤ ਨਹੀਂ ਸਮਝਿਆ।

## ਗੁਰੂ-ਘਰ ਦੀ ਸੇਵਾ

ਸਤਿਗੁਰਾਂ ਦੇ ਇਤਿਹਾਸਕ ਸਥਾਨਾਂ ਦੀ ਨਿੱਗਰ, ਉਸਾਰੂ ਅਤੇ ਯਾਦਗਾਰੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਕਰਵਾਈ। ਨਾ ਕੇਵਲ ਅੰਮ੍ਰਿਤਸਰ ਵਿਚ ਹਰਮਿੰਦਰ ਸਾਹਿਬ ਨੂੰ ਸਵਰਨ ਮੰਦਰ (ਗੋਲਡਨ ਟੈਂਪਲ) ਵਿਚ ਬਦਲ ਦਿੱਤਾ ਸਗੋਂ ਹੀਰਿਆਂ, ਮੋਤੀਆਂ ਨਾਲ ਸੁਸ਼ੋਭਿਤ ਵੀ ਕੀਤਾ। ਲੱਖਾਂ ਰੁਪਏ ਦਾ ਸੋਨਾ ਅਤੇ ਕੀਮਤੀ ਪੱਥਰ ਵਰਤ ਕੇ ਅਜਿਹੀ ਦਿਲ-ਖਿੱਚਵੀਂ ਸਜਾਵਟ ਕੀਤੀ ਕਿ ਵੇਖਿਆਂ ਗੱਲ ਬਣਦੀ ਹੈ। ਜਿਹੜੀ ਕੋਈ ਵੀ ਖੂਬਸੂਰਤ ਵਸਤੂ ਮਹਾਰਾਜਾ ਨੂੰ ਨਜ਼ਰ ਆਉਂਦੀ, ਆਪਣੀ ਵਰਤੋਂ ਵਿਚ ਨਹੀਂ ਸੀ ਲਿਆਉਂਦੇ ਬਲਕਿ ਦਰਬਾਰ ਸਾਹਿਬ ਵਿਖੇ ਭੇਜ ਦਿੰਦੇ ਸਨ। ਨਵਾਬ ਹੈਦਰਾਬਾਦ ਦੀ ਮਹਾਰਾਜਾ ਨੂੰ ਭੇਂਟ ਕੀਤੀ ਹੋਈ ਅਤਿ ਸੁੰਦਰ ਚਾਂਦਨੀ, ਆਪਣੇ ਪੋਤਰੇ ਦੀ ਸ਼ਾਦੀ ਲਈ ਤਿਆਰ ਕੀਤਾ ਗਿਆ ਸੇਹਰਾ, ਆਪ ਨੇ ਅਤਿਅੰਤ ਸ਼ਰਧਾ ਨਾਲ ਦਰਬਾਰ ਸਾਹਿਬ ਦੀ ਸ਼ੋਭਾ ਵਧਾਉਣ ਲਈ ਭੇਜ ਦਿੱਤਾ। ਸੰਨ 1835 ਵਿਚ ਹਰਮਿੰਦਰ ਸਾਹਿਬ ਵਿਚ ਇਕ ਹੀਰਿਆਂ ਮੜ੍ਹਿਆ ਸੋਨੇ ਦਾ ਛਤਰ ਭੇਂਟ ਕੀਤਾ।

ਅਤਿਅੰਤ ਸੁੰਦਰ ਮੀਨਾਕਾਰੀ ਅਤੇ ਹੋਰ ਜਿਤਨੇ ਪ੍ਰਕਾਰ ਦੇ ਬਹੁ-ਪੱਖੀ ਕੰਮ, ਜੋ ਅਜ ਅਸੀਂ ਸ੍ਰੀ ਦਰਬਾਰ ਸਾਹਿਬ ਵਿਖੇ ਵੇਖਦੇ ਹਾਂ, ਉਹ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਹਨ। ਇਸ ਦੇ ਬਾਵਜੂਦ ਮਹਾਰਾਜਾ ਵਿਚ ਹੰਕਾਰ ਬਿਲਕੁਲ ਨਹੀਂ ਸੀ। ਇਸ ਗੱਲ ਦਾ ਪ੍ਰਮਾਣ ਸਾਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਉਪਰ, ਸੁਨਹਿਰੀ ਪੱਤਰੇ ਵਾਲੀ ਇਬਾਰਤ ਤੋਂ ਲੱਗਦਾ ਹੈ, ਜੋ ਇਸ ਪ੍ਰਕਾਰ ਲਿਖੀ ਹੋਈ ਹੈ:

"ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਨੂੰ ਸਿੱਖ ਜਾਣ ਕਰ, ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ ਸੰਮਤ 1887 ਬਿ:।"



Namdhari Elibrary NamdhariElibrary@gmail.com

ਗੁਰੂ ਨਾਨਕ ਦਾ ਜਨਮ-ਅਸਥਾਨ ਨਨਕਾਣਾ ਸਾਹਿਬ ਅਤੇ ਹੋਰ ਧਰਮ ਅਸਥਾਨਾਂ ਦੇ ਨਾਂ ਮਹਾਰਾਜਾ ਨੇ ਯਥਾ-ਯੋਗ ਵੱਡੀਆਂ ਵੱਡੀਆਂ ਜਾਗੀਰਾਂ ਲਗਵਾਈਆਂ। ਆਪ ਗੁੰਥੀ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਸਨ।

## ਮੰਦਰਾਂ-ਮਸਜਿਦਾਂ ਪ੍ਰਤੀ ਸਤਿਕਾਰ

ਮਹਾਰਾਜਾ ਰਣਜੀਤ ਸਿੰਘ ਆਪਣੇ ਧਰਮ ਵਾਂਗ ਬਾਕੀ ਧਰਮਾਂ ਦਾ ਵੀ ਆਦਰ ਕਰਦੇ ਸਨ। ਗੁਰਦਵਾਰਿਆਂ ਵਾਂਗ ਮੰਦਰਾਂ ਅਤੇ ਮਸਜਿਦਾਂ ਦੀ ਉਸਾਰੀ ਵੀ ਕਰਵਾਈ ਅਤੇ ਉਨ੍ਹਾਂ ਦੇ ਨਾਂ ਵੀ ਜਾਗੀਰਾਂ ਲਗਵਾਈਆਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪਹੁੰਚਾਈਆਂ। ਆਪ ਨੇ ਸੰਨ 1799 ਵਿਚ, ਲਾਹੌਰ ਉਤੇ ਕਬਜ਼ਾ ਕਰਦਿਆਂ ਹੀ, ਉਸਦੀ ਸੁਨਹਿਰੀ ਮਸਜਿਦ ਜੋ ਮਿਸਲਾਂ ਦੇ ਦਿਨਾਂ ਤੋਂ ਸਿੱਖਾਂ ਦੇ ਅਧਿਕਾਰ ਵਿਚ ਸੀ, ਬੜੇ ਹੀ ਵਧੀਆ ਢੰਗ ਨਾਲ ਸਿੱਖਾਂ ਨੂੰ ਸਮਝਾ ਕੇ, ਉਸ ਦਾ ਅਧਿਕਾਰ, ਮੁਸਲਮਾਨਾਂ ਦੇ ਮੁਖੀਆਂ ਨੂੰ ਦਿਵਾ ਕੇ ਮੁਸਲਮਾਨਾਂ ਦੇ ਦਿਲ ਸਦਾ ਲਈ ਜਿੱਤ ਲਏ। ਸ਼ਾਹੀ ਮਹੱਲ ਦੇ ਐਨ ਨਾਲ ਇਹ ਸ਼ਾਹੀ ਮਸਜਿਦ ਸੀ। ਇਸ ਦੀ ਸਾਂਭ ਸੰਭਾਲ ਮਹਾਰਾਜਾ ਸਾਹਿਬ ਆਪਣੇ ਖਰਚੇ 'ਤੇ ਕਰਦੇ ਸਨ ਅਤੇ ਇਸ ਨੂੰ ਬਹੁਤ ਵਧੀਆ ਹਾਲਤ ਵਿੱਚ ਰੱਖਿਆ ਜਾਂਦਾ ਸੀ।

ਜਿਥੇ ਮਹਾਰਾਜਾ ਰਣਜੀਤ ਸਿੰਘ ਨੇ ਆਪ ਦੂਸਰੇ ਧਰਮਾਂ ਦਾ ਸਤਿਕਾਰ ਕੀਤਾ ਉਥੇ ਉਨ੍ਹਾਂ ਨੇ ਸਿੱਖਾਂ ਨੂੰ ਵੀ ਦੂਸਰੇ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦਾ ਸਤਿਕਾਰ ਕਰਨ ਬਾਰੇ ਕਿਹਾ। ਇਕ ਵਾਰ ਕੁਝ ਨਿਹੰਗ ਸਿੰਘਾਂ ਦਾ ਜੱਥਾ ਮਹਾਰਾਜੇ ਕੋਲ ਗਿਆ ਕਿ ਮੁਸਲਮਾਨ ਸਵੇਰੇ ਸਵੇਰੇ 'ਬਾਂਗ' ਦੇ ਕੇ ਸਾਡੀ ਨੀਂਦ ਖਰਾਬ ਕਰਦੇ ਹਨ ਤਾਂ ਮਹਾਰਾਜਾ ਨੇ ਕਿਹਾ, "ਤੁਸੀਂ ਆਪ ਸਵੇਰੇ ਇਲਾਕੇ ਦੇ ਮੁਸਲਮਾਨਾਂ ਨੂੰ ਜਗਾ ਕੇ ਮਸੀਤ ਭੇਜਣ ਦਾ ਜ਼ੁੰਮਾ ਲੈ ਲਵੋ, ਮੈਂ ਉਨ੍ਹਾਂ ਦੀ ਬਾਂਗ ਬੰਦ ਕਰਵਾ ਦਿੰਦਾ ਹਾਂ।" ਸਿੰਘ ਨਿਰ-ਉੱਤਰ ਹੋ ਗਏ।

## ਧਾਰਮਿਕ ਨਿਰਪੱਖਤਾ

ਮਹਾਰਾਜਾ ਰਣਜੀਤ ਸਿੰਘ ਧਾਰਮਿਕ ਹੁੰਦੇ ਹੋਏ ਵੀ ਧਾਰਮਿਕ ਨਿਰਪੇਖ ਨੀਤੀ ਅਤੇ ਸਮਾਜਿਕ ਸਮਾਨਤਾ ਦੇ ਧਾਰਨੀ ਸਨ। ਉਹ ਖ਼ੁਦ ਭਾਵੇਂ ਸਿੱਖ ਸਨ



NamdhariElibrary NamdhariElibrary@gmail.com



ਮਹਾਰਾਜਾ ਰਣਜੀਤ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ।



Namdhari Elibrary Namdhari Elibrary@gmail.com

ਪਰ ਉਨ੍ਹਾਂ ਦਾ ਰਾਜ-ਪ੍ਰਬੰਧ ਸਭ ਕੌਮਾਂ ਦੇ ਸਿਆਣਿਆਂ ਨਾਲ ਸੰਮਿਲਤ ਇਕ ਸ਼ਰੇਸ਼ਟ ਵਰਗ ਚਲਾ ਰਿਹਾ ਸੀ। ਉਨ੍ਹਾਂ ਦੇ ਪ੍ਰਬੰਧ-ਕਾਲ ਵਿਚ ਰੰਗ, ਨਸਲ, ਜਾਤ-ਪਾਤ, ਬੋਲੀ ਜਾਂ ਇਲਾਕੇ ਦਾ ਕੋਈ ਵਿਤਕਰਾ ਨਹੀਂ ਸੀ। ਰਾਜ ਦੇ ਸਭ ਹਿੰਦੂ, ਮੁਸਲਮਾਨ ਤੇ ਸਿੱਖ ਵਸਨੀਕਾਂ ਦੇ ਹੱਕ ਅਤੇ ਫਰਜ਼ ਇਕੋ ਜਿਹੇ ਸਨ। ਹਰ ਵਸਨੀਕ ਨੂੰ ਬਰਾਬਰ ਦਾ ਸ਼ਹਿਰੀ ਜਾਣਿਆ ਜਾਂਦਾ ਸੀ। ਸਭ ਮੱਤਾਂ ਦੇ ਲੋਕਾਂ ਨੂੰ ਆਪੋ ਆਪਣੀਆਂ ਧਾਰਮਿਕ ਰੀਤਾਂ ਅਦਾ ਕਰਨ ਦੀ ਸੰਪੂਰਨ ਖੁਲ੍ਹ ਸੀ ਅਤੇ ਮਹਾਰਾਜਾ ਆਪ ਵੀ ਉਨ੍ਹਾਂ ਦੇ ਧਾਰਮਿਕ ਤਿਉਹਾਰਾਂ ਵਿਚ ਸ਼ਾਮਲ ਹੁੰਦੇ ਸਨ। ਪੱਖਪਾਤੀ ਨੀਤੀ ਨਾ ਹੀ ਰਣਭੂਮੀ ਵਿਚ ਸੀ, ਨਾ ਮੰਤਰੀ ਮੰਡਲ ਵਿਚ ਤੇ ਨਾ ਹੀ ਸਮਾਜ ਵਿਚ।

ਰਾਜ ਦੀ ਲੋਕ-ਪ੍ਰੀਅਤਾ ਦਾ ਇਕ ਵੱਡਾ ਭੇਤ ਸੀ ਕਿ ਪਦਵੀ ਤੇ ਪੈਸਾ ਪ੍ਰਾਪਤ ਕਰਨ ਦੀ ਸੰਭਾਵਨਾਵਾਂ ਨਿਮਾਣੇ ਤੋਂ ਨਿਮਾਣੇ ਵਸਨੀਕ ਲਈ ਵੀ ਖੁਲ੍ਹੀਆਂ ਰੱਖੀਆਂ ਹੋਈਆਂ ਸਨ। ਲਾਹੌਰ ਦਰਬਾਰ ਦੇ ਉੱਚ ਅਧਿਕਾਰੀਆਂ ਵਿਚੋਂ ਬਹੁਤ ਸਾਰੇ ਤਾਂ ਅਜਿਹੇ ਸਨ ਜਿਨ੍ਹਾਂ ਨੂੰ ਪ੍ਰਾਪਤ ਹੋਇਆ ਧੰਨ ਤੇ ਵਡਿਆਈ ਖਾਨਦਾਨੀ ਸਿਫ਼ਾਰਸ਼ ਦੀ ਥਾਂ ਉਨ੍ਹਾਂ ਦੇ ਨਿੱਜੀ ਗੁਣਾਂ ਕਰਕੇ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਇਕ ਉੱਤਮ ਗੁਣ ਉਨ੍ਹਾਂ ਦੀ ਅਧਿਕਾਰੀਆਂ ਦੀ ਚੋਣ ਦਾ ਢੰਗ ਸੀ। ਉਹ ਕਿਸੇ ਵਿਅਕਤੀ ਦੀ ਚੋਣ ਵੇਲੇ ਧਰਮ ਅਤੇ ਜਾਤ ਨੂੰ ਕੋਈ ਅਹਿਮੀਅਤ ਨਾ ਦਿੰਦੇ ਹੋਏ ਕੇਵਲ ਯੋਗਤਾਂ ਨੂੰ ਹੀ ਵਿਚਾਰਦੇ ਹੋਏ ਸਹੀ ਜਗ੍ਹਾ ਤੇ ਸਹੀ ਵਿਅਕਤੀ ਨੂੰ ਹੀ ਤੈਨਾਤ ਕਰਦੇ ਸਨ।

ਇੰਜ ਉਹ ਯੋਗਤਾ ਦੀ ਪਛਾਣ, ਉਸਦੀ ਕਦਰਦਾਨੀ ਤੇ ਹੌਂਸਲਾ-ਅਫ਼ਜਾਈ ਕਰਦੇ ਸਨ ਅਤੇ ਦਲੇਰ ਲੋਕਾਂ ਨੂੰ ਇਨਾਮ ਦਿੰਦੇ ਸਨ। ਯੋਗਤਾ ਜਿੱਥੇ ਕਿਤੇ ਵੀ ਨਜ਼ਰ ਆਈ, ਨੂੰ ਉਤਸ਼ਾਹਿਤ ਕੀਤਾ ਅਤੇ ਰਣਭੂਮੀ ਵਿਚ ਸੂਰਬੀਰਾਂ ਨੂੰ ਵਡਿਆਇਆ। ਇਸੇ ਤਰ੍ਹਾਂ ਜਦੋਂ ਕੋਈ ਉੱਚਾ ਤੋਂ ਉੱਚਾ ਵਿਅਕਤੀ ਆਪਣੀ ਪਦਵੀ 'ਤੇ ਠੀਕ ਢੰਗ ਨਾਲ ਕੰਮ ਨਹੀਂ ਸੀ ਕਰਦਾ ਤਾਂ ਉਸ ਨੂੰ ਬਦਲਣ ਵਿਚ ਆਪ ਕਦੇ ਸੰਕੋਚ ਨਹੀਂ ਸਨ ਕਰਦੇ।



Namdhari Elibrary NamdhariElibrary@gmail.com



ਮਹਾਰਾਜਾ ਦੇ ਕਾਲ ਸਮੇਂ ਦੇ ਬਦੇਸ਼ ਮੰਤਰੀ ਫਕੀਰ ਅਜ਼ੀਜ਼ੋਦੀਨ ।



NamdhariElibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਮਹਿਲ, ਦਰਬਾਰ ਅਤੇ ਫੌਜ ਦੇ ਉੱਚ ਅਧਿਕਾਰੀ ਅਨੇਕ ਮਤਾਂ, ਬਹੁ-ਭਾਂਤੀ ਨਸਲਾਂ, ਵੱਖ ਵੱਖ ਦੇਸ ਪ੍ਰਾਂਤਾਂ ਤੇ ਭਿੰਨ ਭਿੰਨ ਰਵਾਇਤਾਂ ਦੇ ਜੰਮ-ਪਲ ਤੇ ਧਾਰਨੀ ਸਨ। ਦਰਬਾਰ ਵਿਚ ਸਿੱਖ, ਹਿੰਦੂ, ਕਸ਼ਮੀਰੀ ਪੰਡਤ, ਰਾਜਪੂਤ, ਮੁਸਲਮਾਨ ਅਤੇ ਯੂਰਪੀਨ ਸਾਰੇ ਸਨ। ਮਿਸਾਲ ਵਜੋਂ ਖਾਲਸਾ ਦਰਬਾਰ ਦੇ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਇਕ ਡੋਗਰਾ ਸੀ, ਬਦੇਸ਼ ਮੰਤਰੀ ਫਕੀਰ ਅਜ਼ੀਜ਼ੋਦੀਨ ਇਕ ਮੁਸਲਮਾਨ ਸਨ ਅਤੇ ਖਜ਼ਾਨਾ ਮੰਤਰੀ ਦੀਵਾਨ ਭਵਾਨੀ ਦਾਸ ਇਕ ਹਿੰਦੂ ਸਨ। ਫ਼ੌਜ ਦੀ ਕਮਾਨ ਜੇ ਇਕ ਪਾਸੇ ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ਼ਾਮ ਸਿੰਘ ਅਟਾਰੀ ਦੇ ਹੱਥ ਸੀ ਤਾਂ ਦੂਜੇ ਪਾਸੇ ਦੀਵਾਨ ਮੁਹਕਮ ਚੰਦ, ਮਿਸਰ ਦੀਵਾਨ ਚੰਦ ਤੇ ਸ੍ਰੀ ਜੋਰਾਵਰ ਸਿੰਘ ਵਰਗੇ ਹਿੰਦੂ ਜਰਨੈਲ ਵੀ ਇਸ ਦੀ ਵਾਗਡੋਰ ਸੰਭਾਲੇ ਹੋਏ ਸਨ।

## *ਲੋਕ-ਹਿਤੂ ਰਾਜ*

ਮਹਾਰਾਜਾ ਰਣਜੀਤ ਸਿੰਘ ਦਾ ਸਥਾਪਤ ਕੀਤਾ ਰਾਜ ਲੋਕ-ਸੇਵੀ ਸੀ ਅਤੇ ਇਸ ਦਾ ਮਨੋਰਥ ਸਰਬੱਤ ਦਾ ਭਲਾ ਸੀ। ਮਹਾਰਾਜਾ ਨੇ ਸਰਕਾਰੀ ਕਰਮਚਾਰੀਆਂ ਨੂੰ ਹਦਾਇਤ ਕੀਤੀ ਹੋਈ ਸੀ, "ਪਰਜਾ ਦੀ ਭਲਾਈ ਅਤੇ ਸਰਕਾਰੀ ਆਮਦਨ ਵਿਚ ਵਾਧੇ ਨੂੰ ਮੁਖ ਰੱਖਣਾ ਹੈ। ਲੋਕਾਂ ਨਾਲ ਸਦਾ ਤੇ ਸਭ ਪਾਸੇ ਈਮਾਨਦਾਰੀ, ਸੁਲ੍ਹਾ-ਸਫਾਈ ਤੇ ਸਦ-ਭਾਵਨਾ ਨਾਲ ਵਰਤਣਾ ਹੈ।" ਮਹਾਰਾਜਾ ਇਸ ਦੀ ਉਲੰਘਣਾ ਕਰਨ ਵਾਲੇ ਵੱਡੇ ਤੋਂ ਵੱਡੇ ਅਫਸਰ, ਉੱਚ-ਅਧਿਕਾਰੀ ਜਾਂ ਨਿਕਟਵਰਤੀ ਨੂੰ ਵੀ ਉਸ ਦੀ ਪਦਵੀ ਜਾਂ ਨੌਕਰੀ ਤੋਂ ਛੁੱਟੀ ਦੇਣ ਵਿਚ ਕਦੇ ਨਹੀਂ ਝਿਜਕਦੇ ਸਨ।

ਮਹਾਰਾਜਾ ਰਣਜੀਤ ਸਿੰਘ ਖ਼ੁਦ ਭੇਸ ਬਦਲ ਕੇ ਆਪਣੇ ਰਾਜ ਵਿਚ ਚਾਰੋਂ ਤਰਫ ਚੱਕਰ ਕਟ ਕਟਾ ਕੇ ਆਪਣੀ ਅੱਖੀਂ ਵੇਖੇ ਹਾਲ ਅਨੁਸਾਰ ਲੋਕਾਂ ਦੇ ਹਿੱਤ ਲਈ ਜੋ ਕੁਝ ਉਸ ਦੇ ਕੋਲੋਂ ਹੋ ਸਕਦਾ ਸੀ, ਉਹ ਕਰਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੇ ਦੌਰਾਨ ਪੰਜਾਬ ਵਿਚ ਨਾ ਕੋਈ



NamdhariElibrary NamdhariElibrary@gmail.com

ਫਿਰਕੂ ਫ਼ਸਾਦ ਹੋਇਆ, ਨਾ ਕੋਈ ਸਿਆਸੀ ਬਗਾਵਤ ਉਠੀ ਅਤੇ ਨਾ ਹੀ ਕਿਸੇ ਨੂੰ ਬਾਹਰੋਂ ਹੱਲਾ ਕਰਨ ਦਾ ਹੀਆ ਪਿਆ। ਉਨ੍ਹਾਂ ਦਾ ਰਾਜ ਖੇਤਰ ਬਰਤਾਨਵੀ ਹਿੰਦੁਸਤਾਨ ਨਾਲੋਂ ਵੀ ਵਧੇਰੇ ਸ਼ਾਂਤ ਤੇ ਸੁਰੱਖਿਅਤ ਸੀ।

## *ਸਾਹਿਤ ਤੇ ਕਲਾ ਦਾ ਵਿਕਾਸ*

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਅਮਨ ਹੋਣ ਕਾਰਨ, ਸਾਹਿਤ ਤੇ ਕਲਾ ਦਾ ਕਾਫ਼ੀ ਵਿਕਾਸ ਹੋਇਆ। ਇਸ ਕਾਲ ਵਿਚ ਕਿੱਸੇ, ਵਾਰਾਂ ਜੰਗਨਾਮੇ ਅਤੇ ਹੋਰ ਹਰ ਭਾਂਤ ਦੇ ਸਾਹਿਤ ਦੀ ਕਾਫ਼ੀ ਰਚਨਾ ਹੋਈ। ਮਹਾਰਾਜਾ ਸਾਹਿਬ ਖ਼ੁਦ ਕਵੀਆਂ ਦੀ ਸਰਪ੍ਰਸਤੀ ਕਰਦੇ ਸਨ ਅਤੇ ਪ੍ਰਸਿੱਧ ਕਵੀ ਹਾਸ਼ਮ, ਉਨ੍ਹਾਂ ਦਾ ਦਰਬਾਰੀ ਕਵੀ ਸੀ, ਜਿਸ ਦੇ ਗੁਜ਼ਾਰੇ ਲਈ ਕੁਝ ਜਗੀਰ ਵੀ ਲਾਈ ਹੋਈ ਸੀ। ਹਾਸ਼ਮ ਤੋਂ ਇਲਾਵਾ ਕਾਦਰਯਾਰ ਅਤੇ ਸ਼ਾਹ ਮੁਹੰਮਦ ਕਵੀਆਂ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ।

ਸੰਗੀਤ ਦੇ ਖੇਤਰ ਵਿਚ ਸਿੱਖ ਗੁਰੂਆਂ ਦੀ ਸ਼ੁਰੂ ਕੀਤੀ ਕੀਰਤਨ ਪਰੰਪਰਾ ਹੋਰ ਵਿਕਸਤ ਹੋਈ ਅਤੇ ਦੂਜੇ ਪਾਸੇ ਸੂਫ਼ੀਆਂ ਦੇ ਡੇਰਿਆਂ ਵਿਚ ਕਵਾਲੀ ਦੀ ਪਰੰਪਰਾ। ਅਤਰ ਖਾਂ ਮਹਾਰਾਜਾ ਦਾ ਮਸ਼ਹੂਰ ਬੰਸਰੀ-ਵਾਦਕ ਸੀ।

ਜਿਥੋਂ ਤਕ ਚਿਤ੍ਰਕਲਾ ਅਤੇ ਭਵਨ ਕਲਾ ਦਾ ਸੰਬੰਧ ਹੈ, ਇਸ ਕਾਲ ਵਿਚ ਉਸਾਰੇ ਗਏ ਕਿਲ੍ਹੇ ਬਾਰਾਂਦਰੀਆਂ ਸ਼ੀਸ ਮਹੱਲ ਅਤੇ ਬੁੰਗੇ ਦੱਸਦੇ ਹਨ ਕਿ ਪੰਜਾਬ ਦੀ ਭਵਨ ਕਲਾ ਉਸ ਵੇਲੇ ਕਾਫ਼ੀ ਅੱਗੇ ਵੱਧ ਰਹੀ ਸੀ। ਚਿਤ੍ਰਕਲਾ ਦੇ ਖੇਤਰ ਵਿਚ ਕਾਂਗੜਾ ਚਿਤ੍ਰਕਲਾ ਸ਼ੈਲੀ ਆਪਣੇ ਸਿਖਰ ਉਤੇ ਸੀ ਅਤੇ ਉਸ ਸ਼ੈਲੀ ਵਿਚ ਬਣੇ ਬਹੁਤ ਸਾਰੇ ਚਿੱਤਰ ਸਾਡੀ ਚਿਤ੍ਰਕਲਾ ਦੇ ਖਜ਼ਾਨੇ ਦਾ ਬਹੁਮੁੱਲਾ ਵਿਰਸਾ ਹਨ।

## *ਸੰਗਠਤ ਫ਼ੌਜ*

ਸੰਨ 1882 ਤਕ, ਜਦ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਅੰਦਰ ਵੱਡੀਆਂ ਜਿੱਤਾਂ ਪ੍ਰਾਪਤ ਕਰ ਲਈਆਂ ਤਾਂ ਉਨ੍ਹਾਂ ਮਹਿਸੂਸ ਕੀਤਾ ਜੇ ਉਨ੍ਹਾਂ ਨੇ ਬਰਤਾਨੀਆਂ ਦਾ ਹਾਣੀ ਸਾਬਤ ਹੋਣਾ ਹੈ ਤਾਂ ਉਨ੍ਹਾਂ ਨੂੰ ਕੌਮਾਂਤਰੀ ਪੱਧਰ ਦੀ ਤਾਕਤ


Namdhari Elibrary Namdhari Elibrary@gmail.com

ਖੜੀ ਕਰਨੀ ਹੋਵੇਗੀ। ਸੋ ਉਨ੍ਹਾਂ, ਪੁਰਾਣੀ ਬੁਨਿਆਦ ਕਾਇਮ ਰੱਖਦੇ ਹੋਏ ਆਪਣੀ ਫ਼ੌਜ ਨੂੰ ਨਵਾਂ ਰੂਪ ਦੇਣਾ ਸ਼ੁਰੂ ਕੀਤਾ। ਫ਼ੌਜ ਦੇ ਤਿੰਨ ਹਿੱਸੇ ਬਣਾਏ। (1) ਬੇਕਵਾਇਦ ਫ਼ੌਜ ਵਿਚ ਮਿਸਲਦਾਰ ਸਰਦਾਰਾਂ ਦੀ ਘੋੜ ਸਵਾਰ ਫ਼ੌਜ ਸੀ। (2) ਫ਼ੌਜੇ ਆਇਨ ਵਿਚ ਅਫ਼ਗਾਨ, ਗੋਰਖੇ, ਪੂਰਬੀਏ ਸਿਪਾਹੀ ਜੋ ਬਰਤਾਨਵੀ ਫ਼ੌਜ ਤੋਂ ਲਿਆਂਦੇ ਗਏ ਸਨ, ਸ਼ਾਮਲ ਸਨ। (3) ਫ਼ੌਜੇ ਖਾਸ ਨੈਪੋਲੀਅਨ ਦੇ ਜਰਨੈਲਾਂ ਦੀ ਮਦਦ ਨਾਲ ਖੜੀ ਕੀਤੀ ਗਈ ਸੀ।

ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਅਕਾਲੀ ਫੂਲਾ ਸਿੰਘ, ਦੀਵਾਨ ਮੋਹਕਮ ਚੰਦ ਵਰਗੇ ਜਰਨੈਲਾਂ ਨੇ ਮਹਾਰਾਜਾ ਸਾਹਿਬ ਦੀ ਸੈਨਕ ਸ਼ਕਤੀ ਨੂੰ ਚਾਰ ਚੰਦ ਲਾਏ। ਇਹੀ ਜਰਨੈਲ ਖਾਲਸਾ ਰਾਜ ਦੇ ਥੰਮ ਸਨ।

## ਸ਼ਾਨਦਾਰ ਦਰਬਾਰ

ਇਕ ਨਿਪੁੰਨ ਹੁਕਮਰਾਨ ਵਾਂਗ ਮਹਾਰਾਜਾ ਰਣਜੀਤ ਸਿੰਘ ਨੇ ਇਕ ਸ਼ਾਨਦਾਰ ਦਰਬਾਰ ਸਥਾਪਤ ਕੀਤਾ। ਸਟੇਨਬੈਕ ਅਨੁਸਾਰ ਲਾਹੌਰ ਦਰਬਾਰ ਵਰਗਾ ਨੂਰਾਨੀ ਠਾਠ-ਬਾਠ ਤੇ ਕੀਮਤੀ ਵਸਤੂਆਂ ਸ਼ਾਇਦ ਹੀ ਕਿਸੇ ਯੂਰਪੀ ਦਰਬਾਰ ਵਿਚ ਹੋਣ।

ਮਹਾਰਾਜ ਖ਼ੁਦ ਇਕ ਸੁਨਹਿਰੀ ਕੁਰਸੀ 'ਤੇ ਬਿਰਾਜਮਾਨ ਹੋਇਆ ਕਰਦੇ ਸਨ। ਇਕ ਅੱਖ ਖਰਾਬ ਹੋਣ ਅਤੇ ਚਿਹਰੇ 'ਤੇ ਮਾਤਾ ਦੇ ਦਾਗਾਂ ਦੇ ਬਾਵਜੂਦ ਉਨ੍ਹਾਂ ਦੇ ਚਿਹਰੇ 'ਤੇ ਬਹੁਤ ਜਲਾਲ ਸੀ।

ਦਰਬਾਰ ਆਮ ਤੌਰ ਤੇ ਲਾਹੌਰ ਦੇ ਕਿਲ੍ਹੇ ਵਿਚ ਸੰਮਨ ਬੁਰਜ ਅਤੇ ਮੇਲੇ ਦੇ ਦਿਨਾਂ ਵਿਚ ਸ਼ਾਲੀਮਾਰ ਬਾਗ਼ ਵਿਚ ਲਗਾਇਆ ਜਾਂਦਾ ਸੀ। ਦਰਬਾਰ ਵਿਚ ਗੱਲ-ਬਾਤ ਜ਼ਿਆਦਾ ਕਰਕੇ ਪੰਜਾਬੀ ਭਾਸ਼ਾ ਵਿਚ ਹੁੰਦੀ ਸੀ, ਪਰ ਸਰਕਾਰੀ ਕਾਰਵਾਈ ਫਾਰਸੀ ਭਾਸ਼ਾ ਵਿਚ ਲਿਖੀ ਜਾਂਦੀ ਸੀ। ਮਹਾਰਾਜਾ ਨੂੰ ਖਰੜੇ ਪੜ੍ਹ ਕੇ ਸੁਣਾਏ ਜਾਂਦੇ ਸਨ ਅਤੇ ਉਹ ਇਹ ਵੇਖਦੇ ਸਨ ਕਿ ਉਨ੍ਹਾਂ ਦੇ ਹੁਕਮ ਜਿਵੇਂ ਉਨ੍ਹਾਂ ਦਿੱਤੇ ਸਨ, ਮੰਨੇ ਗਏ ਹਨ ਕਿ ਨਹੀਂ। ਉਹ ਆਪ ਫੈਸਲਾ ਕਰਦੇ ਸਨ। ਰਾਜ-ਪ੍ਰਬੰਧ



Namdhari Elibrary NamdhariElibrary@gmail.com



ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਰਾਣੀ ਜਿੰਦਾਂ ਵਿਆਹ ਸਮੇਂ ।



Namdhari Elibrary Namdhari Elibrary@gmail.com

ਦੇ ਕੰਮਾਂ ਵਿਚ ਉਹ ਬਹੁਤ ਸਖਤ ਸਨ।

ਮਹਾਰਾਜਾ ਅਨਪੜ੍ਹ ਹੋਣ ਦੇ ਬਾਵਜੂਦ ਵੀ ਤੀਖਣ ਬੁੱਧੀ ਦੇ ਮਾਲਕ ਸਨ। ਅਕਸਰ ਉਹ ਵਿਦਵਾਨਾਂ ਅਤੇ ਪੜ੍ਹੇ-ਲਿਖੇ ਵਿਅਕਤੀਆਂ ਦੀ ਸੰਗਤ ਕਰਦੇ ਸਨ, ਜਿਨ੍ਹਾਂ ਪਾਸੋਂ ਉਹ ਹਕੂਮਤ ਕਰਨ ਦੀਆਂ ਬੇ-ਸ਼ੁਮਾਰ ਨਵੀਆਂ ਤਕਨੀਕਾਂ, ਆਪਣੇ ਦੇਸ਼ ਅਤੇ ਬਾਕੀ ਦੁਨੀਆਂ ਬਾਰੇ ਬਹੁਤ ਕੁਝ ਸਿਖਦੇ ਸੁਣਦੇ ਰਹਿੰਦੇ ਸਨ।

## ਤੋਸ਼ਾਖ਼ਾਨਾ

ਮਹਾਰਾਜਾ ਰਣਜੀਤ ਸਿੰਘ ਨੇ ਤੋਸ਼ਾਖ਼ਾਨੇ ਵਿਖੇ ਬੇ-ਸ਼ੁਮਾਰ ਸੋਨਾ, ਚਾਂਦੀ ਅਤੇ ਜਵਾਹਰਾਤ, ਅਣਗਿਣਤ ਕੀਮਤੀ ਹੀਰੇ, ਸੋਨੇ ਦੀ ਰਾਜ ਕੁਰਸੀ, ਹਜ਼ਰਤ ਮੁਹੰਮਦ ਦਾ ਪਵਿੱਤਰ ਸਮਾਰਕ, ਗੁਰੂ ਗੋਬਿੰਦ ਸਿੰਘ ਜੀ ਦੀ ਸੁਨਹਿਰੀ ਕਲਗੀ, ਈਰਾਨੀ ਨਾਇਕ ਰੁਸਤਮ ਦੀ ਤਲਵਾਰ, ਸ਼ਾਨਦਾਰ ਕਸ਼ਮੀਰੀ ਸ਼ਾਲਾਂ ਨਾਲ ਭਰੇ ਕਮਰੇ ਆਦਿ ਬੇ-ਸ਼ੁਮਾਰ ਕੀਮਤੀ ਵਸਤਾਂ ਸਨ। ਜਿਹੜਾ ਵੀ ਮਾਨਯੋਗ ਮਹਿਮਾਨ ਇਹ ਤੋਸ਼ਾਖਾਨਾ ਵੇਖਦਾ ਸੀ, ਹੈਰਾਨ ਰਹਿ ਜਾਂਦਾ ਸੀ। ਪੰਜਾਹ ਲੱਖ ਰੁਪਏ ਦੇ ਹੀਰੇ ਕੇਵਲ ਘੋੜਿਆਂ ਦੀ ਸਜਾਵਟ ਲਈ ਰੱਖੇ ਹੋਏ ਸਨ। ਘੱਟੋ ਘੱਟ 1300 ਕਿਸਮਾਂ ਦੇ ਲਗਾਮ ਅਜਿਹੇ ਸਨ, ਜਿਨ੍ਹਾਂ ਤੇ ਕਾਫ਼ੀ ਜ਼ਿਆਦਾ ਸੋਨਾ ਅਤੇ ਚਾਂਦੀ ਚੜ੍ਹਾਈ ਗਈ ਸੀ ਅਤੇ ਕਈਆਂ ਤੇ ਹੀਰੇ ਵੀ ਜੜ੍ਹੇ ਹੋਏ ਸਨ। ਹਾਥੀਆਂ ਦੀ ਸਜਾਵਟ ਲਈ ਜਵਾਹਰਾਤ ਵੱਖਰੇ ਸਨ। ਸ਼ਹਿਜ਼ਾਦੇ ਵੀ ਬਹੁਤ ਕੀਮਤੀ ਹੀਰੇ ਜਵਾਹਰਾਤ ਪਹਿਨਦੇ ਸਨ। ਸਭ ਤੋਂ ਕੀਮਤੀ ਤੇ ਜਗਤ ਪ੍ਰਸਿੱਧ ਹੀਰਾ ਕੋਹਿਨੂਰ ਮਹਾਰਾਜਾ ਸਾਹਿਬ ਦੇ ਬਾਜ਼ੂ-ਬੰਦ 'ਤੇ ਜੜਿਆ ਹੋਇਆ ਸੀ।

## ਸਾਦਗੀ

ਮਹਾਰਾਜਾ ਰਣਜੀਤ ਸਿੰਘ ਆਪਣੇ ਆਲੇ-ਦੁਆਲੇ ਹਰ ਚੀਜ਼ ਵਿਚ ਠਾਠ-ਬਾਠ ਤੇ ਸ਼ਾਨ-ਸ਼ੌਕਤ ਵੇਖਣ ਦੇ ਬੜੇ ਚਾਹਵਾਨ ਸਨ। ਪਰ ਰਾਜ-ਦਰਬਾਰ ਵਿਚ ਸਜ-ਧਜ ਹੋਣ ਦੇ ਬਾਵਜ਼ੂਦ ਉਹ ਖ਼ੁਦ ਪਹਿਰਾਵੇ ਵਿਚ ਸਾਦੇ ਸਨ। ਇਕ ਸੁਨਹਿਰੀ ਕੁਰਸੀ 'ਤੇ ਲੱਤ ਉਤੇ ਲੱਤ ਰੱਖੇ, ਉਹ ਗਰਮੀਆ ਵਿਚ ਸਫ਼ੈਦ ਮਲਮਲ ਤੇ ਸਰਦੀਆਂ ਵਿਚ ਪਸ਼ਮੀਨਾ ਪਹਿਨ ਕੇ ਰੱਖਦੇ ਸਨ। ਤਾਜ ਦੀ ਥਾਂ ਇਕ ਸਾਦੀ



Namdhari Elibrary NamdhariElibrary@gmail.com



ਰਾਣੀ ਜ਼ਿੰਦਾਂ



NamdhariElibrary NamdhariElibrary@gmail.com

ਪਗੜੀ ਬੰਨੀ ਹੁੰਦੀ ਸੀ। ਕੋਈ ਗਹਿਣਾ ਨਹੀਂ ਸਨ ਪਾਉਂਦੇ। ਕੇਵਲ ਕਮਰ ਦੇ ਦੁਆਲੇ ਸੁੱਚੇ ਮੋਤਿਆਂ ਦੀ ਮਾਲਾ ਅਤੇ ਆਪਣੀ ਇਕ ਬਾਂਹ ਉਤੇ ਮਸ਼ਹੂਰ ਹੀਰਾ ਕੋਹਿਨੂਰ ਸਜਾਇਆ ਹੁੰਦਾ ਸੀ।

## ਯਾਦਦਾਸ਼ਤ

ਮਹਾਰਾਜਾ ਬੜੇ ਮਿਲਣਸਾਰ ਅਤੇ ਖੁਲ੍ਹੇ ਡੁਲ੍ਹੇ ਵਿਚਾਰਾਂ ਦੇ ਮਾਲਕ ਸਨ। ਗੱਲਬਾਤ ਬਹੁਤ ਦਿਲਚਸਪੀ ਨਾਲ ਕਰਦੇ ਅਤੇ ਸੁਣਦੇ ਸਨ। ਉਹ ਵਿਦੇਸ਼ੀਆਂ ਨੂੰ ਅਣਗਿਣਤ ਅਜਿਹੇ ਸਵਾਲ ਕਰਦੇ ਸਨ, ਜਿਸ ਨਾਲ ਵਿਦੇਸ਼ੀ ਹੈਰਾਨ ਰਹਿ ਜਾਂਦੇ ਸਨ। ਮਹਾਰਾਜ ਦੀ ਯਾਦਦਾਸ਼ਤ ਬਹੁਤ ਤੇਜ਼ ਸੀ। ਚੇਤਾ ਏਨਾ ਤੇਜ਼ ਸੀ ਕਿ ਹਰ ਇਕ ਨੂੰ ਨਾਮ ਲੈ ਕੇ ਬੁਲਾਉਂਦੇ। ਆਪਣੇ ਰਾਜ ਦੇ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੇ ਨਾਮ ਯਾਦ ਸਨ। ਇਥੋਂ ਤਕ ਦਸ ਦਿੰਦੇ ਸਨ ਕਿ ਫਲਾਣੇ ਸ਼ਹਿਰ ਜਾਂ ਨਗਰ ਵਿਚੋਂ ਇਤਨਾ ਮਾਮਲਾ ਆਉਂਦਾ ਹੈ। ਉਨ੍ਹਾਂ ਦੀ ਪ੍ਰਤਿਭਾ ਅਤੇ ਨਿਪੁੰਨਤਾ ਕੁਦਰਤੀ ਹੀ ਸੀ।

## ਸੇਵਾ ਤੇ ਦਾਨ-ਪੁੰਨ

ਮਹਾਰਾਜਾ ਰਣਜੀਤ ਸਿੰਘ ਫ਼ਕੀਰਾਂ ਤੇ ਪਵਿੱਤਰ ਪੁਰਸ਼ਾਂ ਲਈ ਬਹੁਤ ਦਾਨ-ਪੁੰਨ ਕਰਦੇ ਸਨ ਅਤੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰਦੇ ਸਨ। ਸਾਧਾਂ ਸੰਤਾਂ ਅਤੇ ਭਾਈਆਂ-ਗਿਆਨੀਆਂ ਨੂੰ ਸਤਿਕਾਰਦੇ ਅਤੇ ਜਗੀਰਾਂ ਆਦਿ ਨਾਲ ਨਿਵਾਜ਼ਦੇ ਸਨ। ਮਹਾਰਾਜਾ ਦੇ ਹਿਰਦੇ ਵਿਚ ਸਿੱਖ ਸ਼ਹੀਦਾਂ ਲਈ ਬੜੀ ਸ਼ਰਧਾ ਤੇ ਸਤਿਕਾਰ ਸੀ। ਆਪ ਨੇ ਉਨ੍ਹਾਂ ਦੀਆਂ ਯਾਦਗਾਰਾਂ ਨਾਲ ਜਾਗੀਰਾਂ ਲਾ ਦਿੱਤੀਆਂ ਸਨ। ਲਾਹੌਰ ਦੇ ਸ਼ਹੀਦ ਗੰਜ ਗੁਰਦੁਆਰੇ ਦੇ ਦਰਸ਼ਨਾਂ ਲਈ ਤਾਂ ਆਪ ਅਕਸਰ ਜਾਇਆ ਕਰਦੇ ਸਨ।

ਹਰ ਸੰਗ੍ਰਾਂਦ ਨੂੰ ਮਹਾਰਾਜਾ ਅੰਮ੍ਰਿਤਸਰ ਜਾ ਕੇ ਦਰਬਾਰ ਸਾਹਿਬ ਵਿਖੇ ਅਰਦਾਸਾਂ ਕਰਦੇ ਸਨ। ਇਸ ਮਗਰੋਂ 'ਤੁਲਾਦਾਨ' ਰਾਹੀਂ ਸੋਨਾ, ਚਾਂਦੀ, ਹਾਥੀ, ਘੋੜੇ, ਗਊਆਂ ਤੇ ਮੱਝਾਂ ਆਦਿ ਦਾਨ ਕਰਿਆ ਕਰਦੇ ਸਨ। ਇਵੇਂ ਹੀ ਹਰ ਅਮਾਵਸ ਨੂੰ 'ਤੁਲਾਦਾਨ' ਰਾਹੀਂ ਬ੍ਰਾਹਮਣਾਂ ਨੂੰ ਅੰਨ-ਧੰਨ ਦੇ ਕੇ ਸਤਿਕਾਰਦੇ।


Namdhari Elibrary Namdhari Elibrary@gmail.com



ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ।



Namdhari Elibrary Namdhari.Elibrary@gmail.com

ਵਿਸਾਖੀ, ਦੁਸਹਿਰੇ ਤੇ ਦੀਵਾਲੀ ਦੇ ਅਵਸਰਾਂ 'ਤੇ ਵੀ ਵਿਸ਼ੇਸ਼ ਤੁਲਾਦਾਨਾਂ ਰਾਹੀਂ ਹਜ਼ਾਰਾਂ ਰੁਪਏ ਦੇ ਮਾਲ-ਧੰਨ, ਧਰਮ ਅਰਥ ਦਿਤੇ ਜਾਂਦੇ ਸਨ। ਦੀਵਾਲੀ ਵਾਲੇ ਦਿਨ ਤਾਂ ਆਪ ਨੂੰ ਸੋਨੇ ਨਾਲ ਤੋਲਿਆ ਜਾਂਦਾ ਸੀ।

## *ਦਇਆ ਤੇ ਖ਼ਿਮਾ-ਸ਼ੀਲਤਾ*

ਨਰਮ ਅਤੇ ਰਹਿਮ-ਦਿਲ ਦੇ ਮਾਲਕ ਮਹਾਰਾਜਾ ਰਣਜੀਤ ਸਿੰਘ ਇਨਸਾਨੀ ਜੀਵਨ ਦੀ ਬਹੁਤ ਕਦਰ ਕਰਦੇ ਸਨ। ਆਪ ਨੇ ਆਪਣੇ 40 ਸਾਲਾ ਸ਼ਾਸ਼ਨ-ਕਾਲ ਵਿਚ ਮੌਤ ਦੀ ਸਜ਼ਾ ਕਿਸੇ ਨੂੰ ਵੀ ਨਾ ਦੇਣ ਦੀ ਨੀਤੀ, ਸਭ ਜਗ੍ਹਾ ਸਫਲਤਾ ਨਾਲ ਲਾਗੂ ਕਰਵਾਈ। ਕਿਸੇ ਘੋਰ ਅਪਰਾਧ ਦੇ ਦੋਸ਼ੀ ਨੂੰ ਵੀ ਕਦੇ ਮੌਤ ਜਾਂ ਅੰਗ-ਕਟਾਈ ਦੀ ਸਜ਼ਾ ਨਹੀਂ ਸੀ ਦਿੱਤੀ ਗਈ।

ਬੈਰਨ ਹਾਯੂਗੇਲ ਅਨੁਸਾਰ, "ਇਕੱਲੇ ਮਨੁੱਖ ਵਲੋਂ ਏਨੀ ਵੱਡੀ ਸਲਤਨਤ ਏਨੇ ਘੱਟ ਖ਼ੂਨ ਖਰਾਬੇ ਨਾਲ ਸਥਾਪਤ ਹੋਣ ਦੀ ਮਿਸਾਲ ਸ਼ਾਇਦ ਹੀ ਦੁਨੀਆਂ ਵਿਚ ਕਿਤੇ ਮਿਲਦੀ ਹੋਵੇ।"

ਮਹਾਰਾਜਾ ਨੇ ਸਿੱਖ ਮਿਸਲਦਾਰਾਂ, ਰਾਜਪੂਤ ਰਾਜਿਆਂ, ਪਠਾਣ ਹਾਕਮਾਂ ਤੇ ਅਫਗਾਨ ਬਾਦਸ਼ਾਹਾਂ ਨੂੰ ਇਕ ਇਕ ਕਰਕੇ ਜਿੱਤਿਆ, ਪਰ ਸਿਵਾਏ ਖੁਲ੍ਹੇ ਮੈਦਾਨ ਵਿਚ ਹੋਈ ਲੜਾਈ ਦੇ, ਕਦੇ ਕਿਸੇ ਨੂੰ ਜਾਨੋਂ ਨਹੀਂ ਮਾਰਿਆ, ਭਾਵੇਂ ਉਹਨਾਂ ਦੀ ਆਪਣੀ ਜਾਨ ਲੈਣ ਦੇ ਇਕ ਤੋਂ ਵੱਧ ਜਤਨ ਹੋ ਚੁੱਕੇ ਸਨ। ਜਦੋਂ ਉਨ੍ਹਾਂ ਦੀ ਆਪਣੀ ਜਾਨ ਉਤੇ ਵਾਰ ਹੋਇਆ ਸੀ, ਉਦੋਂ ਵੀਂ ਸੰਬੰਧਤ ਮੁਜ਼ਰਮ ਨੂੰ ਜਾਨੋਂ ਮਾਰਨ ਦੀ ਸਜ਼ਾ ਨਹੀਂ ਸੀ ਦਿੱਤੀ ਗਈ।

## *ਖੁਸ਼-ਮਿਜਾਜ਼ੀ (ਕੁਝ ਕਹਾਣੀਆਂ)*

ਮਹਾਰਾਜਾ ਰਣਜੀਤ ਸਿੰਘ ਇਕ ਸੂਰਬੀਰ ਤੇ ਨਿਰਭੈ ਯੋਧਾ ਹੋਣ ਦੇ ਨਾਲ ਨਾਲ ਇਕ ਦਰਿਆ ਦਿਲ, ਹੱਸਮੁਖ ਅਤੇ ਖੁਸ਼-ਰਹਿਣਾ ਇਨਸਾਨ ਵੀ ਸੀ। ਉਸ ਦੇ ਅਜਿਹੇ ਸੁਭਾਅ ਬਾਰੇ ਕਈ ਕਹਾਣੀਆਂ ਪ੍ਰਸਿੱਧ ਹਨ।


NamdhariElibrary NamdhariElibrary@gmail.com

ਇਕ ਵਾਰ ਮਹਾਰਾਜੇ ਦੀ ਸਵਾਰੀ ਜਾ ਰਹੀ ਸੀ ਤਾਂ ਇਕ ਮਾਈ ਨੇ ਟਿਚਕਰ ਨਾਲ ਉੱਚੀ ਆਵਾਜ਼ ਵਿਚ ਕਿਹਾ :

"ਰਣਜੀਤ ਸਿੰਘ ਕਾਣਾ,
ਪੰਜ ਰੁਪਏ ਖੱਡੀ, ਛੇ ਰੁਪਏ ਤਾਣਾ ।"

ਮਹਾਰਾਜੇ ਨੇ ਉਸ ਮਾਈ ਨੂੰ ਆਪਣੇ ਕੋਲ ਬੁਲਾਇਆ । ਉਹ ਡਰਦੀ ਡਰਦੀ ਆਈ । ਮਹਾਰਾਜੇ ਨੇ ਬੜੇ ਠਰੰਮ੍ਹੇ ਨਾਲ ਕਿਹਾ, "ਜੋ ਕੁਝ ਕਿਹਾ ਈ, ਇਕ ਵਾਰ ਫਿਰ ਕਹਿ ।" ਜਦ ਉਸ ਨੇ ਕੰਬਦੀ ਆਵਾਜ਼ ਵਿਚ ਫੇਰ ਉਹੋ ਸ਼ਬਦ ਕਹੇ ਤਾਂ ਮਹਾਰਾਜਾ ਖਿੜਖਿੜਾ ਕੇ ਹੱਸ ਪਏ ਤੇ ਮਾਈ ਨੂੰ ਇਨਾਮ ਦੇ ਕੇ ਅੱਗੇ ਚਲੇ ਗਏ ।

ਜਦ ਇਕ ਮਿਹਤਰਾਨੀ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਲੋਰੀ ਦੇ ਰਹੀ ਸੀ,

"ਆਕੜ ਮੁੰਡਿਆ ਆਕੜ, ਰਣਜੀਤ ਸਿੰਘ ਤੇਰਾ ਚਾਕਰ ।
ਸਦਾ ਤੇਰੀ ਤਾਈ, ਮਹਿਤਾਬ ਕੌਰ ਦੌੜਦੀ ਆਈ ।"

ਤਾਂ ਅਹਿਲਕਾਰਾਂ ਪਕੜ ਮੰਗਾਈ ਸੀ ਕਿ ਉਹ ਮਹਾਰਾਜਾ ਤੇ ਉਸ ਦੇ ਖਾਨਦਾਨ ਸੰਬੰਧੀ ਕੁਬੋਲ ਬੋਲ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਉਸ ਮਾਈ ਨੂੰ ਨਾ ਸਿਰਫ ਇਨਾਮ ਦਿੱਤਾ ਸਗੋਂ ਕਿਹਾ, ਠੀਕ ਕਿਹਾ ਹੈ ਮਾਈ ਨੇ । ਰਾਜਾ ਚਾਕਰ ਹੋਣਾ ਚਾਹੀਦਾ ਹੈ ਤੇ ਉਸ ਦੇ ਰਿਸ਼ਤੇਦਾਰ, ਮਾਂ, ਸੱਸ ਜਾਂ ਘਰਵਾਲੀ ਤਕ ਸੇਵਕਾਵਾਂ ।"

ਮਹਾਰਾਜਾ ਰਣਜੀਤ ਸਿੰਘ ਨੂੰ ਮਹਾਂ ਦਾਨੀ ਹੋਣ ਕਰਕੇ ਪਾਰਸ ਕਿਹਾ ਜਾਂਦਾ ਸੀ । ਇਕ ਵਾਰ ਇਕ ਬ੍ਰਿਧ ਔਰਤ ਨੇ ਜਦ ਮਹਾਰਾਜੇ ਦੀ ਸਵਾਰੀ ਲਾਹੌਰ ਸ਼ਹਿਰ 'ਚੋਂ ਲੰਘਦੀ ਦੇਖੀ ਤਾਂ ਉਹ ਆਪਣੇ ਘਰੋਂ ਇਕ ਤਵਾ ਚੁੱਕ ਲਿਆਈ ਤੇ ਬੜੇ ਹੱਠ ਨਾਲ ਦਰਬਾਰੀਆਂ ਅਤੇ ਅਹਿਲਕਾਰਾਂ ਦੀਆਂ ਸਫਾਂ ਚੀਰਦੀ ਹੋਈ ਸ਼ੇਰੇ-ਪੰਜਾਬ ਤਕ ਜਾ ਪਹੁੰਚੀ ਪਰ ਉੱਥੇ ਉਸ ਨੂੰ ਚੋਬਦਾਰਾਂ ਨੇ ਰੋਕ ਦਿੱਤਾ । ਜਦ ਮਾਈ ਨੇ ਰੌਲਾ ਪਾਇਆ ਤਾਂ ਮਹਾਰਾਜਾ ਨੇ ਘੋੜਾ ਰੋਕ ਕੇ ਉਸ ਨੂੰ ਕਿਹਾ, "ਅੰਮਾਂ !



Namdhari Elibrary    NamdhariElibrary@gmail.com

ਤੂੰ ਕਹਿਣਾ ਕੀ ਚਾਹੁੰਦੀ ਹੈਂ ? ਛੇਤੀ ਦੱਸ" ਮਾਈ ਹੋਰ ਅੱਗੇ ਹੋਈ ਤੇ ਆਪਣਾ ਕਾਲਾ ਤਵਾ ਛੇਤੀ ਛੇਤੀ ਮਹਾਰਾਜਾ ਦੇ ਪੈਰਾਂ ਨਾਲ ਮੱਲਣ ਲੱਗੀ। ਮਾਈ ਦੀ ਇਸ ਹਰਕਤ ਨੂੰ ਮਹਾਰਾਜੇ ਦੀ ਬੇਅਦਬੀ ਸਮਝ ਕੇ ਅਹਿਲਕਾਰਾਂ ਨੇ ਧੱਕੇ ਮਾਰਨੇ ਚਾਹੇ ਪਰ ਮਹਾਰਾਜਾ ਨੇ ਉਨ੍ਹਾਂ ਨੂੰ ਇੰਜ ਕਰਨ ਤੋਂ ਮਨ੍ਹਾਂ ਕਰਕੇ ਮਾਈ ਨੂੰ ਪੁੱਛਿਆ, "ਅੰਮਾਂ ! ਇਹ ਤੂੰ ਕੀ ਕਰਦੀ ਹੈਂ ?" ਮਾਈ ਬੜੀ ਸ਼ਰਧਾ ਨਾਲ ਬੋਲੀ, "ਸਰਕਾਰ ! ਲੋਕ ਆਖਦੇ ਹਨ ਕਿ ਸਾਡਾ ਰਾਜਾ ਪਾਰਸ ਹੈ ਤੇ ਜੇ ਪਾਰਸ ਨਾਲ ਲੋਹਾ ਛੂਹ ਜਾਏ ਤਾਂ ਸੋਨਾ ਬਣ ਜਾਂਦਾ ਹੈ। ਮੈਂ ਗਰੀਬਣੀ ਹਾਂ, ਆਪਣੇ ਬੁਢਾਪੇ ਦੇ ਗੁਜ਼ਾਰੇ ਲਈ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣਾ ਚਾਹੁੰਦੀ ਹਾਂ ਤਾਂ ਜੋ ਰਹਿੰਦੀ ਉਮਰ ਸੁਖੀ ਬੀਤੇ।" ਮਹਾਰਾਜਾ ਇਹ ਗੱਲ ਸੁਣ ਕੇ ਖਿੜ ਖਿੜ ਹੱਸਿਆ ਤੇ ਖਜ਼ਾਨਚੀ ਨੂੰ ਹੁਕਮ ਦਿੱਤਾ ਕਿ ਮਾਈ ਦੇ ਤਵੇ ਦੇ ਬਰਾਬਰ ਸੋਨਾ ਤੋਲ ਕੇ ਦੇ ਦੇਵੇ। ਹੁਕਮ ਦੀ ਪਾਲਣਾ ਹੋਈ ਤੇ ਮਾਈ ਅਸੀਸਾਂ ਦਿੰਦੀ ਘਰ ਚਲੀ ਗਈ।

ਇਕ ਵਾਰ ਮਹਾਰਾਜਾ ਦੀ ਸਵਾਰੀ ਲੰਘ ਰਹੀ ਸੀ ਤਾਂ ਇਕ ਆਦਮੀ ਦੀ ਇਕ ਮਿਰਾਸੀ ਨਾਲ ਸ਼ਰਤ ਲੱਗ ਗਈ ਕਿ ਉਹ ਮਹਾਰਾਜੇ ਦੇ ਮੂੰਹ 'ਤੇ ਉਸ ਨੂੰ ਕਾਣਾ ਨਹੀਂ ਸੀ ਕਹਿ ਸਕਦਾ ਪਰ ਉਹ ਮਿਰਾਸੀ ਕਹਿੰਦਾ ਸੀ ਕਿ ਇਹ ਉਸ ਲਈ ਬੜੀ ਮਾਮੂਲੀ ਗੱਲ ਹੈ। ਮਹਾਰਾਜੇ ਨੂੰ ਵੀ ਉਨ੍ਹਾਂ ਦੋਨਾਂ ਦੀਆਂ ਗੱਲਾਂ ਦੀ ਭਿਣਕ ਪੈ ਗਈ ਤੇ ਉਹ ਜਾਣ ਬੁਝ ਕੇ ਆਪਣਾ ਘੋੜਾ ਰੋਕ ਕੇ ਉੱਥੇ ਹੀ ਖੜੇ ਹੋ ਗਏ। ਮਿਰਾਸੀ ਵੀ ਝੱਟ ਮੌਕਾ ਤਾੜ ਕੇ ਅੱਗੇ ਵੱਧਿਆ ਤੇ ਮਹਾਰਾਜੇ ਨੂੰ ਇਹ ਕਹਿ ਕੇ ਇਨਾਮ ਵੀ ਲਿਆ ਤੇ ਸ਼ਰਤ ਵੀ ਜਿੱਤ ਲਈ :

ਤੇਰੀ ਇਕੋ ਅੱਖ ਸੁਲੱਖਣੀ,
ਬਹੁ ਲਿਸ਼ਕਾਂ ਮਾਰੇ।
ਤੈਨੂੰ ਝੁਕ ਝੁਕ ਕਰਨ ਸਲਾਮਾਂ
ਦੋ ਅੱਖਾਂ ਵਾਲੇ।"

ਇਕ ਵਾਰ ਮਹਾਰਾਜਾ ਨੇ ਐਲਾਨ ਕੀਤਾ ਕਿ ਸਰਕਾਰੀ ਸਟੋਰ ਵਿਚੋਂ ਗਰੀਬ-ਗੁਰਬੇ ਆ ਕੇ ਜਿੰਨਾ ਆਟਾ ਦਾਣਾ ਚੁੱਕ ਸਕਣ ਚੁੱਕ ਕੇ ਲੈ ਜਾਣ। ਸ਼ਾਮ ਨੂੰ ਮਹਾਰਾਜਾ ਭੇਸ ਬਦਲ ਕੇ ਖੁਦ ਓਧਰੋਂ ਲੰਘੇ, ਇਹ ਵੇਖਣ ਲਈ ਕਿ ਉਨ੍ਹਾਂ ਦੇ



Namdhari Elibrary NamdhariElibrary@gmail.com



ਮਹਾਰਾਜਾ ਰਣਜੀਤ ਸਿੰਘ ਮਿਰਾਸੀ ਨੂੰ ਗਲੇ ਲਗਾ ਕੇ ਖੁਸ਼ ਹੁੰਦੇ ਹੋਏ ।



Namdhari Elibrary Namdhari Elibrary@gmail.com

ਹੁਕਮ ਦੀ ਤਾਮੀਲ ਠੀਕ ਢੰਗ ਨਾਲ ਹੋ ਰਹੀ ਹੈ ਕਿ ਨਹੀਂ। ਉਥੇ ਜਾ ਕੇ ਵੇਖਿਆ ਕਿ ਇਕ ਬ੍ਰਿਧ ਆਦਮੀ ਨੇ ਆਟੇ ਦੀ ਪੰਡ ਬਨ੍ਹਵਾ ਤਾਂ ਲਈ ਪਰ ਉਸ ਕੋਲੋਂ ਚੁੱਕੀ ਨਾ ਗਈ। ਮਹਾਰਾਜਾ ਨੇ ਪੰਡ ਆਪਣੇ ਸਿਰ ਉੱਤੇ ਚੁੱਕ ਲਈ ਅਤੇ ਉਸ ਬਜ਼ੁਰਗ ਨੂੰ ਘਰ ਛੱਡ ਆਇਆ। ਉਸ ਬਜ਼ੁਰਗ ਨੂੰ ਇਹ ਨਹੀਂ ਸੀ ਪਤਾ ਕਿ ਮਹਾਰਾਜਾ ਖ਼ੁਦ ਉਸਦੀ ਪੰਡ ਚੁੱਕੀ ਉਸ ਦੇ ਘਰ ਆਇਆ ਹੈ। ਇਸ ਤੋਂ ਬਾਅਦ ਮਹਾਰਾਜਾ ਸਾਹਿਬ ਨੂੰ ਸਤਿਕਾਰ ਵਜੋਂ ਪਾਂਡੀ ਬਾਦਸ਼ਾਹ ਆਖਿਆ ਜਾਣ ਲੱਗਾ।

ਇਕ ਵਾਰ ਮਹਾਰਾਜਾ ਦੀ ਸਵਾਰੀ ਬੜੀ ਧੂਮ-ਧਾਮ ਨਾਲ ਜਾ ਰਹੀ ਸੀ ਕਿ ਇਕ ਵੱਟਾ ਆ ਕੇ ਮਹਾਰਾਜੇ ਨੂੰ ਲੱਗਿਆ। ਸਰਕਾਰੀ ਕਰਮਚਾਰੀ ਤੇ ਅਧਿਕਾਰੀ ਏਧਰ ਓਧਰ ਨੱਸੇ ਤੇ ਇਕ ਮੁੰਡੇ ਨੂੰ ਫੜ ਕੇ ਲੈ ਆਏ। ਮਹਾਰਾਜਾ ਨੇ ਮੁੰਡੇ ਨੂੰ ਪੁੱਛਿਆ, "ਤੂੰ ਮੈਨੂੰ ਵੱਟਾ ਕਿਉਂ ਮਾਰਿਆ ਹੈ ?" ਉਸ ਕਿਹਾ, "ਹਜ਼ੂਰ ! ਮੈਂ ਤਾਂ ਵੱਟਾ ਬੇਰੀ ਨੂੰ ਮਾਰਿਆ ਸੀ ਪਰ ਨਿਸ਼ਾਨਾ ਚੂਕ ਜਾਣ ਕਾਰਨ ਤੁਹਾਨੂੰ ਆਣ ਵੱਜਾ ਹੈ ? ਹਜ਼ੂਰ ਬੇਅਦਬੀ ਹੋਈ ਹੈ, ਮਾਫ਼ ਕਰ ਦਿਓ।" ਦਰਬਾਰੀਆਂ 'ਚੋਂ ਕਿਸੇ ਨੇ ਕੋਈ ਸਜ਼ਾ ਦੱਸੀ ਤੇ ਕਿਸੇ ਨੇ ਕੋਈ, ਪਰ ਮਹਾਰਾਜਾ ਹੱਸ ਪਏ ਤੇ ਕਹਿਣ ਲੱਗੇ, "ਨਹੀਂ, ਇਸ ਮੁੰਡੇ ਨੂੰ ਇਨਾਮ ਦਿੱਤਾ ਜਾਵੇ। ਕਿਉਂਕਿ ਇਕ ਬੇਰੀ ਨੂੰ ਵੱਟਾ ਮਾਰਨ ਨਾਲ ਬੇਰੀ ਕੋਲੋਂ ਇਸ ਨੂੰ ਬੇਰ ਮਿਲਦੇ ਹਨ ਤਾਂ ਜੇ ਇਹ ਮਹਾਰਾਜੇ ਨੂੰ ਵੱਟਾ ਮਾਰੇ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਉਸ ਕੋਲੋਂ ਇਸ ਨੂੰ ਕੁਝ ਵੀ ਨਾ ਮਿਲੇ।"

ਇਕ ਦਿਨ ਮਹਾਰਾਜਾ ਸ਼ਿਕਾਰ 'ਤੇ ਜਾਣ ਲਈ ਸਵੇਰੇ ਬਾਹਰ ਨਿਕਲੇ। ਅਗੋਂ ਇਕ ਮਿਰਾਸੀ ਮਿਲ ਗਿਆ। ਉਹ ਦਿਨ ਮਹਾਰਾਜੇ ਲਈ ਬੜਾ ਮਨਹੂਸ ਸਿੱਧ ਹੋਇਆ। ਸ਼ਾਮ ਨੂੰ ਮਹਿਲ ਵਿਚ ਵਾਪਸ ਆ ਕੇ ਉਨ੍ਹਾਂ ਨੇ ਉਸ ਮਿਰਾਸੀ ਨੂੰ ਬੁਲਵਾਇਆ ਜੋ ਸਵੇਰ ਸਾਰ ਉਨ੍ਹਾਂ ਦੇ ਮੱਥੇ ਲੱਗਿਆ ਸੀ। ਮਹਾਰਾਜਾ ਨੇ ਉਸ ਨੂੰ ਕਿਹਾ, "ਤੂੰ ਸਵੇਰ-ਸਾਰ ਮੇਰੇ ਮੱਥੇ ਲੱਗਾ ਸੈਂ, ਤਾਂ ਹੀ ਮੈਂ ਸਾਰਾ ਦਿਨ ਬੇਚੈਨ ਰਿਹਾ, ਨਾ ਹੀ ਕੋਈ ਸ਼ਿਕਾਰ ਮਿਲਿਆ ਤੇ ਨਾ ਹੀ ਕੁਝ ਖਾਣ ਨੂੰ ਲੱਭਾ। ਇਸ ਲਈ ਕੱਲ ਸਵੇਰ ਤੈਨੂੰ ਫਾਂਸੀ ਦੇ ਦਿੱਤੀ ਜਾਵੇਗੀ। ਅਜਿਹੇ ਮਨਹੂਸ ਬੰਦੇ ਨੂੰ ਮੈਂ ਆਪਣੇ ਰਾਜ ਵਿਚ ਰਹਿਣ ਹੀ ਕਿਉਂ ਦਿਆਂ।" ਮਿਰਾਸੀ ਨੇ ਹੱਥ ਜੋੜ ਕੇ ਅਰਜ਼



Namdhari Elibrary NamdhariElibrary@gmail.com

ਕੀਤੀ, "ਆਲੀ ਜਾਹ ! ਗੁਸਤਾਖ਼ੀ ਮਾਫ਼, ਮੈਂ ਤੁਹਾਡੇ ਮੱਥੇ ਲੱਗਾ ਤਾਂ ਤੁਹਾਨੂੰ ਸਾਰਾ ਦਿਨ ਖਾਣਾ ਨਸੀਬ ਨਹੀਂ ਹੋਇਆ। ਪਰ ਤੁਸੀਂ ਮੇਰੇ ਮੱਥੇ ਲੱਗੇ ਤਾਂ ਇਸ ਦਾ ਨਤੀਜਾ ਇਹ ਹੋਇਆ ਕਿ ਮੈਨੂੰ ਫਾਂਸੀ ਮਿਲ ਰਹੀ ਹੈ।" ਮਹਾਰਾਜਾ ਰਣਜੀਤ ਸਿੰਘ ਉਸ ਦਾ ਜਵਾਬ ਸੁਣ ਕੇ ਖੁਸ਼ ਹੋ ਗਏ ਤੇ ਉਸ ਨੂੰ ਇਨਾਮ ਦਿੱਤਾ।

ਇਹ ਜ਼ਿੰਦਾ-ਦਿਲ ਤੇ ਖੇੜੇ ਖਿਲਾਰਦੇ ਇਨਸਾਨ, ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ 28 ਜੂਨ ਸੰਨ 1839 ਈ: ਨੂੰ ਸਾਥੋਂ ਸਦਾ ਲਈ ਵਿਛੜ ਗਏ।



Namdhari Elibrary Namdhari Elibrary@gmail.com

# ਮਹਾਰਾਣੀ ਜਿੰਦ ਕੌਰ

## ਮੁਢਲਾ ਜੀਵਨ

ਪੰਜਾਬ ਦੇ ਇਤਿਹਾਸ ਵਿਚ ਮਹਾਰਾਣੀ ਜਿੰਦਾਂ, ਇਕ ਚਮਕਦਾ ਸਿਤਾਰਾ ਹੈ। ਉਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ (ਅੰਤਮ ਵਿਆਹੁੜ) ਤੇ ਸਭ ਤੋਂ ਪਿਆਰੀ ਰਾਣੀ ਅਤੇ ਮਹਾਰਾਜਾ ਦਲੀਪ ਸਿੰਘ (ਪੰਜਾਬ ਦਾ ਅੰਤਮ ਮਹਾਰਾਜਾ) ਦੀ ਮਾਤਾ ਸੀ। ਉਹ ਅਸਲ ਵਿਚ ਇਕ ਚੰਗੀ ਪੰਜਾਬਣ ਸਿੰਘਣੀ, ਸਤਵੰਤੀ ਇਸਤ੍ਰੀ, ਸੱਚੀ ਦੇਸ਼ ਭਗਤ ਤੇ ਚੰਗੇਰੀ ਮਾਂ ਸੀ। ਉਹ ਇਕ ਦਲੇਰ, ਦਇਆਵਾਨ, ਪਿਆਰ ਤੇ ਨੇਕੀ ਕਰਨ ਵਾਲੀ ਦੂਰ-ਅੰਦੇਸ਼ ਔਰਤ ਸੀ। ਮਹਾਰਾਣੀ ਜਿੰਦਾਂ ਨੇ ਸਿੱਖ ਇਤਿਹਾਸ ਵਿਚ ਜੋ ਕਾਰਨਾਮੇ ਕੀਤੇ ਹਨ, ਉਨ੍ਹਾਂ ਬਾਰੇ ਜਾਣ ਕੇ ਹਰ ਇਕ ਦੇ ਰੌਂਗਟੇ ਖੜੇ ਹੋ ਜਾਂਦੇ ਹਨ।

ਮਹਾਰਾਣੀ ਜਿੰਦ ਕੌਰ ਦਾ ਜਨਮ ਪਿੰਡ ਚਾਹੜ ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਜ਼ਫਰਵਾਲ ਵਿਚ ਹੋਇਆ। ਉਸ ਦੇ ਪਿਤਾ ਸ: ਮੰਨਾ ਸਿੰਘ ਔਲਖ ਏਸੇ ਹੀ ਪਿੰਡ ਦੇ ਇਕ ਤਕੜੇ ਜ਼ਿਮੀਂਦਾਰ ਸਨ। ਜਿੰਦਾਂ ਜੋ ਬਹੁਤ ਸੁੰਦਰ ਸੀ, ਦਾ ਵਿਆਹ ਚੜ੍ਹਦੀ ਉਮਰੇ ਮਹਾਰਾਜਾ ਰਣਜੀਤ ਸਿੰਘ ਨਾਲ ਕਰ ਦਿੱਤਾ ਗਿਆ।


ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਵੇਖ ਕੇ ਕਿਹਾ ਸੀ, 'ਕੁਦਰਤ ਨੇ ਤੈਨੂੰ ਸੱਚਮੁੱਚ ਹੀ ਮੇਰੀ ਜਿੰਦ ਬਣਾਇਆ ਹੈ। ਅਜ ਮੇਰਾ ਬੁਢਾਪਾ ਦੂਰ ਹੋ ਗਿਆ ਹੈ। ਤੇਰੀ ਸੂਰਤ ਦੇਖ ਕੇ ਸਭ ਕੁਝ ਭੁੱਲ ਗਿਆ ਹਾਂ। ਮੈਂ, ਤੈਨੂੰ ਮਹਾਰਾਣੀ ਬਣਾਉਂਦਾ ਹਾਂ।

ਵਿਆਹ ਤੋਂ ਡੇਢ ਸਾਲ ਬਾਅਦ 7 ਸਤੰਬਰ 1837 ਨੂੰ ਮਹਾਰਾਣੀ ਜਿੰਦਾਂ ਦੇ ਘਰ ਗੁਲਾਬ ਦੇ ਫੁੱਲ ਵਰਗੇ ਬਾਲ ਨੇ ਜਨਮ ਲਿਆ, ਜਿਸ ਦਾ ਨਾਂ ਦਲੀਪ ਸਿੰਘ ਰੱਖਿਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਬੁਢਾਪੇ ਵਿਚ ਪੁੱਤਰ ਹੋਣ ਦੀ ਖੁਸ਼ੀ ਵਿਚ ਖ਼ਜ਼ਾਨਿਆਂ ਤੇ ਸਰਕਾਰੀ ਮੋਦੀ-ਖਾਨਿਆਂ ਦੇ ਮੂੰਹ ਖੋਲ੍ਹ ਦਿੱਤੇ।

ਮਹਾਰਾਜਾ ਦਲੀਪ ਸਿੰਘ ਅਜੇ ਮਸਾਂ ਇਕ ਸਾਲ ਤੇ ਨੌਂ ਮਹੀਨੇ ਦਾ ਹੀ



Namdhari Elibrary NamdhariElibrary@gmail.com



ਮਹਾਰਾਣੀ ਜਿੰਦ ਕੌਰ



Namdhari Elibrary NamdhariElibrary@gmail.com

ਹੋਇਆ ਸੀ ਕਿ 28 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ, ਇਸ ਸੰਸਾਰ ਤੋਂ ਚਾਲੇ ਪਾ ਗਿਆ। ਉਸ ਦੇ ਤੁਰ ਜਾਣ ਮਗਰੋਂ ਜਿੱਥੇ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉਥੇ ਮਹਾਰਾਣੀ ਜਿੰਦਾਂ 'ਤੇ ਮੁਸੀਬਤਾਂ ਦੇ ਦਿਨ ਸ਼ੁਰੂ ਹੋ ਗਏ।

ਮਹਾਰਾਣੀ ਜਿੰਦਾਂ ਜੁਆਨ ਸੀ ਤੇ ਉਸ ਦਾ ਪੁੱਤਰ ਦੁੱਧ ਚੁੰਘਦਾ ਮਾਸੂਮ। ਰਾਣੀ ਜਿੰਦਾਂ ਨੇ ਤਨੋਂ ਮਨੋਂ ਧੰਨੋਂ ਆਪਣਾ ਖਿਆਲ ਬੱਚੇ ਦੇ ਜੁਆਨ ਕਰਨ ਵਿਚ ਲਾਇਆ।

## *ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ*

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਪਤਨ ਹੋ ਗਿਆ। ਸਿੱਖ ਰਾਜ ਦੇ ਅੰਤਲੇ ਦਿਨਾਂ ਦੀ ਵਿਥਿਆ ਬੜੀ ਦਰਦਨਾਕ ਹੈ। ਉਸ ਸਮੇਂ ਦੌਰਾਨ ਜੋ ਖ਼ੂਨ ਦੀ ਹੋਲੀ ਖੇਡੀ ਗਈ, ਉਹ ਬੜੀ ਭਿਆਨਕ ਸੀ।

ਮਹਾਰਾਜਾ ਰਣਜੀਤ ਸਿੰਘ ਦੀਆਂ 18 ਰਾਣੀਆਂ ਅਤੇ 7 ਪੁੱਤਰ ਸਨ। ਸਭ ਤੋਂ ਪਹਿਲਾਂ ਉਨ੍ਹਾਂ ਦਾ ਵੱਡਾ ਪੁੱਤਰ ਖੜਕ ਸਿੰਘ ਗੱਦੀ 'ਤੇ ਬੈਠਾ। ਰਾਜ ਮੰਤਰੀ ਦੁਸ਼ਟ ਅਤੇ ਧੋਖੇਬਾਜ਼ ਸਨ। ਖੜਕ ਸਿੰਘ ਦੇ ਪੁੱਤਰ ਕੰਵਲ ਨੌ ਨਿਹਾਲ ਸਿੰਘ ਨੇ ਗੱਦੀ 'ਤੇ ਬੈਠਣਾ ਸੀ, ਉਸ ਨੂੰ ਵੀ ਮਾਰ ਦਿੱਤਾ ਗਿਆ ਤੇ ਇਸ ਮਗਰੋਂ ਸ਼ਾਹੀ ਕਿਲ੍ਹਾ ਕਤਲਗਾਹ ਬਣ ਗਿਆ। ਕਤਲਾਂ ਦਾ ਸਿਲਸਿਲਾ ਚੱਲ ਪਿਆ। ਨਿਰਦੋਸ਼ਿਆਂ ਦਾ ਲਹੂ ਡੁੱਲਣ ਲੱਗਾ। ਸ਼ਾਹੀ ਦਰਬਾਰ ਸਾਜ਼ਿਸਾਂ ਦਾ ਅਖਾੜਾ ਬਣ ਕੇ ਰਹਿ ਗਿਆ। ਜਿਹੜਾ ਵੀ ਨਵਾਂ ਮਹਾਰਾਜਾ ਬਣਦਾ ਸੀ, ਮਾਰ ਦਿੱਤਾ ਜਾਂਦਾ ਸੀ। ਗੱਦੀ ਦੇ ਸਾਰੇ ਵਾਰਸ ਵਾਰੋ ਵਾਰੀ ਮਾਰੇ ਜਾਣ ਲੱਗੇ।

'ਗੱਦੀ ਦੇ ਵਾਰਸਾਂ ਨੂੰ ਅਤੇ ਆਪਣੇ ਵਿਰੋਧੀਆਂ ਨੂੰ ਚੁਣ ਚੁਣ ਕੇ ਮਾਰ ਲਵਾਂ ਤੇ ਰਾਜ ਗੱਦੀ ਖੋਹ ਲਵਾਂ' ਦੇ ਲਾਲਚ ਤੇ ਈਰਖਾ ਨਾਲ ਦੁਸ਼ਟ ਮੰਤਰੀ ਚਾਲਾਂ ਚਲਦੇ ਰਹੇ, ਕਤਲੋ-ਗਾਰਦ ਕਟਦੇ ਰਹੇ ਤੇ ਆਪੋ ਵਿਚ ਹੀ ਲੜ ਲੜ ਕੇ ਮਰ



Namdhari Elibrary NamdhariElibrary@gmail.com



ਕੰਵਰ ਦਲੀਪ ਸਿੰਘ ਦਾ ਜਨਮ



Namdhari Elibrary Namdhari Elibrary@gmail.com

ਗਏ। ਇਹ ਸਿੱਖ ਇਤਿਹਾਸ ਦੇ ਖ਼ੂਨੀ ਪੰਨਿਆਂ ਦਾ ਸਮਾਂ ਸੀ ਜਦੋਂ ਕਿ ਧੜੇਬਾਜ਼ੀ ਚਲ ਰਹੀ ਸੀ।

ਇਹੋ ਜਿਹੇ ਸਮੇਂ ਮਾਸੂਮ ਦਲੀਪ ਸਿੰਘ ਦੇ ਮੱਥੇ 'ਤੇ ਖ਼ੂਨ ਦਾ ਟਿੱਕਾ ਲਗਾ ਕੇ ਉਸ ਨੂੰ ਮਹਾਰਾਜ ਬਣਾਇਆ ਗਿਆ। ਰਾਣੀ ਜਿੰਦਾਂ ਨੂੰ ਪਤਾ ਸੀ ਕਿ ਜੋ ਗੱਦੀ 'ਤੇ ਬੈਠਦਾ ਹੈ, ਮਾਰ ਦਿੱਤਾ ਜਾਂਦਾ ਹੈ ਤੇ ਉਹ ਰਾਜ ਬਦਲੇ ਆਪਣਾ ਪੁੱਤਰ ਨਹੀਂ ਸੀ ਗੁਆਉਣਾ ਚਾਹੁੰਦੀ, ਪਰ ਉਸ ਦੀ ਕਿਸੇ ਨਾ ਸੁਣੀ।

ਮਹਾਰਾਜਾ ਰਣਜੀਤ ਸਿੰਘ ਦੇ ਦੋ ਬਚੇ ਹੋਏ ਪੁੱਤਰ ਕੰਵਰ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਵੀ ਇਸ ਸਮੇਂ ਦੌਰਾਨ ਵਾਪਸ ਹੋਣ ਕਾਰਨ ਕਤਲ ਕਰ ਦਿੱਤੇ ਗਏ। ਦਲੀਪ ਸਿੰਘ ਦੇ ਵਜ਼ੀਰ ਬਣੇ ਰਾਜਾ ਹੀਰਾ ਸਿੰਘ ਨੇ ਮਹਾਰਾਣੀ ਜਿੰਦਾਂ ਨੂੰ ਵੀ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਵਫ਼ਾਦਾਰ ਗੋਲੀ ਨੇ ਉਸ ਨੂੰ ਬਚਾ ਲਿਆ। ਰਾਜਾ ਹੀਰਾ ਸਿੰਘ ਵੀ ਮਾਰ ਦਿੱਤਾ ਗਿਆ ਤੇ ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਵਜ਼ੀਰ ਬਣ ਗਿਆ।

ਮਹਾਰਾਜਾ ਦਲੀਪ ਸਿੰਘ ਅੱਠਾਂ ਕੁ ਸਾਲਾਂ ਦਾ ਹੋ ਗਿਆ ਸੀ। ਉਸ ਦੀ ਮੰਗਣੀ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦੀ ਧੀ ਨਾਲ ਕਰ ਦਿੱਤੀ ਗਈ। ਮਹਾਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਵੀ ਮਾਰ ਦਿੱਤਾ ਗਿਆ। ਜਿੰਦਾਂ ਬਹੁਤ ਦੁੱਖੀ ਹੋਈ।

ਉਸ ਵਕਤ ਰਾਜ ਦੀ ਅੰਦਰੂਨੀ ਹਾਲਤ ਬਹੁਤ ਖਰਾਬ ਸੀ। ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੇ ਚਲਾਣੇ ਪਿਛੋਂ ਕਿਸੇ ਨੇ ਨਾ ਮਾਮਲਾ ਇਕੱਠਾ ਕਰਨ ਵੱਲ ਧਿਆਨ ਦਿੱਤਾ ਸੀ ਤੇ ਨਾ ਦੇਸ਼ ਦੀ ਉੱਨਤੀ ਵਲ। ਸਰਕਾਰ ਨੇ ਜੋ ਚਾਲ੍ਹੀ ਸਾਲ ਰਾਜ ਕਰਕੇ ਖ਼ਜ਼ਾਨੇ ਵਿਚ ਜੋੜਿਆ ਸੀ, ਉਸ ਨੂੰ ਹੀ ਸਭ ਲੁੱਟ ਰਹੇ ਸਨ। ਕਾਤਲਾਂ ਨੂੰ ਖੁਲ੍ਹੇ ਗੱਫੇ ਦੇ ਕੇ ਦਿਨ ਦਿਹਾੜੇ ਕਤਲ ਕਰਾਏ ਜਾਂਦੇ ਸਨ। ਫੌਜੀ ਸਿਪਾਹੀ ਤੇ ਸਰਦਾਰ ਸਾਰੇ ਲਾਲਚੀ ਹੋ ਗਏ। ਰਾਜ ਦੀ ਭਲਾਈ, ਦੇਸ਼ ਦੀ ਉੱਨਤੀ, ਪੰਥ ਸਤਿਕਾਰ, ਧਰਮ ਦੀ ਖ਼ਾਤਰ ਕੁਰਬਾਨੀ, ਰੱਬ ਦਾ ਡਰ, ਸਾਰੀਆਂ ਚੰਗੀਆਂ ਗੱਲਾਂ ਭੁੱਲ ਗਈਆਂ ਸਨ।



Namdhari Elibrary NamdhariElibrary@gmail.com



ਜਿੰਦਾਂ ਦਾ ਮੁਟਿਆਰ ਹੋਣਾ



Namdhari Elibrary Namdhari.Elibrary@gmail.com

ਅਜਿਹੇ ਸਮੇਂ ਮਹਾਰਾਣੀ ਜਿੰਦਾਂ ਨੇ ਸਰਦਾਰ ਲਾਲ ਸਿੰਘ ਨੂੰ ਵਜ਼ੀਰ ਅਤੇ ਤੇਜਾ ਸਿੰਘ ਨੂੰ ਫ਼ੌਜਾਂ ਦਾ ਸਰਦਾਰ ਬਣਾਇਆ। ਇਹ ਦੋਵੇਂ ਰਾਣੀ ਨੂੰ ਧੋਖਾ ਦੇ ਗਏ। ਇਨ੍ਹਾਂ ਦੇ ਨਾਲ ਹੀ ਰਾਜ਼ਾ ਗੁਲਾਬ ਸਿੰਘ ਰਲ ਗਿਆ, ਜੋ ਬੜਾ ਚਲਾਕ ਤੇ ਸਾਜ਼ਸ਼ੀ ਸੀ।

ਅੰਗਰੇਜ਼ਾਂ ਨੇ ਪਹਿਲਾਂ ਹੀ ਪੰਜਾਬ 'ਤੇ ਅੱਖਾਂ ਲਾਈਆਂ ਹੋਈਆਂ ਸਨ। ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਲਾਹੌਰ ਦਰਬਾਰ ਨੂੰ ਫੁੱਟ ਨੇ ਖਾ ਲਿਆ ਹੈ, ਵਫ਼ਾਦਾਰ ਦਰਬਾਰੀ ਤੇ ਸਿਪਾਹੀ ਨੌਕਰੀਆਂ ਛੱਡ ਕੇ ਘਰੋਂ ਘਰੀਂ ਜਾ ਬੈਠੇ ਸਨ, ਪ੍ਰਬੰਧਕ ਲਾਲਚੀ ਤੇ ਖ਼ੁਦਗਰਜ਼ ਸਨ ਤੇ ਫ਼ੌਜ ਆਪ-ਮੁਹਾਰੀ ਹੋ ਗਈ ਸੀ।

ਅੰਗਰੇਜ਼ਾਂ ਨੇ ਗਦਾਰਾਂ ਤੇਜਾ ਸਿੰਘ, ਲਾਲ ਸਿੰਘ ਤੇ ਗੁਲਾਬ ਸਿੰਘ ਨੂੰ ਆਪਣੇ ਨਾਲ ਰਲਾ ਲਿਆ। ਇਨ੍ਹਾਂ ਅਕ੍ਰਿਤਘਣਾਂ ਰਾਜ-ਧਰੋਹੀਆਂ ਨੇ ਆਪੇ ਹੀ ਖਾਲਸਾ ਫ਼ੌਜ ਨੂੰ ਫ਼ਰੰਗੀ ਨਾਲ ਲੜਾਇਆ ਤੇ ਆਪੇ ਹੀ ਧੋਖਾ ਦੇ ਕੇ ਹਾਰ ਕਰਾ ਦਿੱਤੀ, ਬਾਰੂਦ ਦੀ ਥਾਂ ਸਰ੍ਹੋਂ ਭੇਜ ਕੇ। ਤੇਜਾ ਸਿੰਘ ਨੇ ਸਤਲੁਜ ਦਾ ਪੁਲ ਤੋੜ ਦਿੱਤਾ, ਮੈਦਾਨੇ-ਜੰਗ ਵਿਚੋਂ ਨੱਠ ਆਇਆ ਤੇ ਮੁੜ ਆਪ ਹੀ ਫਰੰਗੀ ਨਾਲ ਸੁਲਾਹ ਕਰਕੇ ਪੰਜਾਬ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ।

ਲਾਰਡ ਡਲਹੌਜ਼ੀ ਤੇ ਜੌਹਨ ਹੈਨਰੀ ਲਾਰੈਂਸ ਦੋਵੇਂ ਹੀ ਚਲਾਕ ਅੰਗਰੇਜ਼ ਸਨ। ਉਨ੍ਹਾਂ ਨੇ ਮਹਾਰਾਣੀ ਨੂੰ ਪੂੰਜ ਕੇ ਬਦਨਾਮ ਕੀਤਾ, ਕਿਉਂਕਿ ਉਹ ਸਮਝਦੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੋਂ ਜੇ ਕੋਈ ਰਾਜ ਕਰਨ ਦਾ ਦਿਲ ਦਿਮਾਗ ਰੱਖਦਾ ਹੈ ਤਾਂ ਉਹ ਮਹਾਰਾਣੀ ਜਿੰਦਾਂ ਹੈ। ਏਸੇ ਵਾਸਤੇ ਹੀ ਉਸ ਉੱਪਰ ਝੂਠੇ ਦੋਸ਼ ਥੱਪ ਕੇ ਉਸ ਨੂੰ ਕੈਦ ਕਰ ਲਿਆ ਗਿਆ। ਉਸਦੀ ਗ਼ੈਰ-ਹਾਜ਼ਰੀ ਵਿਚ ਬਾਲਕ ਮਹਾਰਾਜਾ ਦਲੀਪ ਸਿੰਘ ਦਾ ਰਾਜ ਫ਼ਰੇਬ ਨਾਲ ਖੋਹ ਲਿਆ।

## *ਮਾਂ ਤੇ ਪੁੱਤਰ ਦਾ ਵਿਛੋੜਾ*

18 ਅਗਸਤ 1847 ਨੂੰ ਸਰਦਾਰ ਗੁਲਾਬ ਸਿੰਘ ਅਟਾਰੀ ਵਾਲਾ ਤੇ ਫ਼ਰੰਗੀ ਮੇਜਰ ਲਾਰੰਸ ਸ਼ਿਕਾਰ ਖੇਡਣ ਦੇ ਬਹਾਨੇ ਦਲੀਪ ਸਿੰਘ ਨੂੰ ਮਹਾਰਾਣੀ ਜਿੰਦਾਂ ਕੋਲੋਂ ਲੈ ਗਏ। ਮਹਾਰਾਣੀ ਨੇ ਬਹੁਤ ਤਰਲੇ ਕੀਤੇ ਪਰ ਮੁੜ ਉਸ ਨੂੰ

Namdhari Elibrary NamdhariElibrary@gmail.com

ਪੁੱਤਰ ਨਾਲ ਮਿਲਣ ਨਹੀਂ ਦਿੱਤਾ। ਮਹਾਰਾਣੀ ਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕਰੜੇ ਪਹਿਰੇ ਨਾਲ ਕੈਦ ਕਰ ਦਿੱਤਾ ਗਿਆ। ਗੋਲੀਆਂ ਤੋਂ ਬਿਨਾਂ ਉਹ ਕਿਸੇ ਨੂੰ ਨਹੀਂ ਸੀ ਮਿਲ ਸਕਦੀ।

ਅਜਿਹੇ ਸਮੇਂ ਮੁਲਤਾਨ ਅਤੇ ਹੋਰ ਥਾਵਾਂ 'ਤੇ ਬਗਾਵਤਾਂ ਹੋ ਗਈਆਂ। ਉਨ੍ਹਾਂ ਬਗਾਵਤਾਂ ਦਾ ਇਲਜ਼ਾਮ ਰਾਣੀ ਜਿੰਦਾਂ 'ਤੇ ਲੱਗਾ ਕੇ ਉਸ ਨੂੰ ਸ਼ੇਖੂਪੁਰੇ ਦੀ ਕੈਦ ਵਿਚੋਂ ਕੱਢ ਕੇ ਪੰਜਾਬੋਂ ਬਾਹਰ ਬਨਾਰਸ ਭੇਜ ਦਿੱਤਾ ਗਿਆ। ਅਲਾਹਾਬਾਦ ਤੇ ਬਨਾਰਸ ਦੇ ਕਿਲ੍ਹਿਆਂ ਵਿਚ ਬੈਠਿਆਂ ਉਸ ਨੇ ਡਲਹੌਜ਼ੀ ਨੂੰ ਅਨੇਕਾਂ ਚਿੱਠੀਆਂ ਲਿਖੀਆਂ, ਪੰਜਾਬ ਨੂੰ ਵੀ ਖ਼ਤ ਪਾਏ, ਆਦਮੀ ਭੇਜੇ ਪਰ ਕਿਸੇ ਪਾਸੇ ਕੋਈ ਸੁਣਵਾਈ ਨਾ ਹੋਈ, ਸਗੋਂ ਉਲਟਾ ਤੰਗ ਕੀਤਾ ਜਾਣ ਲੱਗਾ। ਕਰੜੀਆਂ ਪਾਬੰਦੀਆਂ ਲਾਈਆਂ ਜਾਣ ਲੱਗੀਆਂ। ਪੁੱਤਰ-ਮਿਲਾਪ ਦੀ ਕੋਈ ਆਸ ਨਾ ਰਹੀ। ਨਿਰਾਸਤਾ ਨੇ ਉਸ ਦਾ ਲੱਕ ਤੋੜ ਦਿੱਤਾ।

## *ਜਿੰਦਾਂ ਨੂੰ ਪੰਜਾਬ ਤੋਂ ਬਾਹਰ ਭੇਜਣਾ*

ਆਖਿਰ ਬਨਾਰਸ ਵਿਚ ਵੀ ਜਿੰਦਾਂ ਨੂੰ ਟਿਕਣ ਨਾ ਦਿੱਤਾ, ਉਥੋਂ ਚੁਨਾਰ (ਯੂ. ਪੀ. ਜ਼ਿਲ੍ਹਾ ਮਿਰਜ਼ਾਪੁਰ) ਦੇ ਕਿਲ੍ਹੇ ਵਿਚ ਸੁੱਟਿਆ ਗਿਆ। ਇਹ ਥਾਂ ਉਸ ਨੂੰ ਮਾਰਨ ਦੀ ਸੀ। ਇਥੋਂ ਦਾ ਕੈਦੀ, ਆਖਦੇ ਹਨ ਕਿ ਕਦੀ ਜਿਉਂਦਾ ਬਾਹਰ ਨਹੀਂ ਸੀ ਗਿਆ। ਰਾਣੀ ਡਰ ਗਈ ਕਿ ਜੇ ਮਰ ਹੀ ਗਈ ਤਾਂ ਪੁੱਤਰ-ਮਿਲਣ ਦੀ ਸੱਧਰ ਦਿਲ ਵਿਚ ਹੀ ਰਹਿ ਜਾਵੇਗੀ। ਉਸ ਸੋਚਿਆ ਜੇ ਉਹ ਪੁੱਤਰ ਨੂੰ ਵੇਖਣਾ ਚਾਹੁੰਦੀ ਹੈ ਤੇ ਅੰਗਰੇਜ਼ ਦੀ ਗੁਲਾਮੀ ਤੋਂ ਪੰਜਾਬ ਨੂੰ ਨਿਜਾਤ ਦਿਵਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਚੁਨਾਰ ਦੇ ਕਿਲ੍ਹੇ ਵਿਚੋਂ ਨਿਕਲ ਜਾਣਾ ਚਾਹੀਦਾ ਹੈ।

ਉਸ ਨੇ ਹੌਸਲਾ ਕੀਤਾ ਤੇ ਇਸ ਕੈਦੋਂ ਖਲਾਸੀ ਪਾਉਣ ਦੀ ਵਿਉਂਤ ਸੋਚੀ, ਜੋ ਕੁਦਰਤ ਨੇ ਨੇਪਰੇ ਚਾੜ੍ਹੀ।

15 ਅਪ੍ਰੈਲ 1849 ਨੂੰ ਰਾਤ ਦੇ ਹਨੇਰੇ ਵਿਚ ਕੈਦਣ ਮਹਾਰਾਣੀ ਜਿੰਦ ਕੌਰ ਨੇ ਫਰਸ਼ 'ਤੇ ਸੁੱਤੀ ਦਾਸੀ ਨੂੰ ਪਹਿਲਾਂ ਬਣਾਈ ਯੋਜਨਾ ਅਨੁਸਾਰ ਉਠਾਇਆ। ਰਾਣੀ ਨੇ ਆਪਣੇ ਉਦਾਲੇ ਦੇ ਕੀਮਤੀ ਕੱਪੜੇ ਅਤੇ ਸੋਨੇ ਦੇ ਕੜੇ ਤੇ ਚੂੜੀਆਂ


Namdhari Elibrary    NamdhariElibrary@gmail.com

ਦਾਸੀ ਸ਼ਾਮੋ ਨੂੰ ਪਹਿਨਾ ਕੇ ਉਸ ਦੇ ਮਾਮੂਲੀ ਕੱਪੜੇ ਆਪ ਪਾ ਲਏ। ਸਿਰ ਦੇ ਵਾਲ ਖੋਲ੍ਹ ਕੇ ਅਣਵਾਹੇ ਜਿਹੇ ਕਰ ਲਏ। ਦੀਵੇ ਦੇ ਗੁਲ ਦੀ ਕਾਲਖ ਨਾਲ ਅੱਖਾਂ ਹੇਠਾਂ ਗੁਲਾਬੀ ਗੱਲ੍ਹਾਂ ਉਤੇ ਛੋਟੇ ਛੋਟੇ ਕਾਲੇ ਦਾਗ਼ ਪਾ ਲਏ, ਜਿਵੇਂ ਸ਼ਾਮੋ ਦੇ ਚਿਹਰੇ ਉਤੇ ਕੁਦਰਤੀ ਪਏ ਹੋਏ ਸਨ। ਸ਼ਾਮੋ ਦੀ ਠਿੱਬੀ ਤੇ ਪੁਰਾਣੀ ਜੁੱਤੀ ਪਾ ਲਈ। ਪਿੱਤਲ ਦੀ ਗਾਗਰ ਨੂੰ ਢਾਕੇ ਚੁੱਕ ਲਿਆ ਤੇ ਇਸ਼ਨਾਨ ਲਈ ਪਾਣੀ ਲਿਆਉਣ ਦੇ ਬਹਾਨੇ ਉਹ ਕਿਲ੍ਹੇ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਗਈ। ਸੰਤਰੀ ਨੂੰ ਸ਼ੱਕ ਨਾ ਪਿਆ। ਸ਼ਾਮੋ ਦਾ ਕੱਦ ਕਾਠ ਵੀ ਮਹਾਰਾਣੀ ਵਾਂਗ ਹੀ ਸੀ ਤੇ ਰੰਗ ਦਾ ਹੀ ਥੋੜ੍ਹਾ ਬਹੁਤਾ ਫ਼ਰਕ ਸੀ, ਉਹ ਮਹਾਰਾਣੀ ਨੇ ਦੀਵੇ ਦੀ ਕਾਲਖ ਨਾਲ ਦੂਰ ਕਰ ਲਿਆ।

ਸ਼ਾਮੋ ਮਹਾਰਾਣੀ ਦੇ ਪਲੰਘ 'ਤੇ ਲੇਟ ਗਈ। ਉਸ ਨੇ ਹੱਥ ਨੰਗਾ ਰੱਖ ਲਿਆ ਤਾਂ ਕਿ ਸਵੇਰੇ ਆਉਂਦਾ ਹੀ ਸੰਤਰੀ ਦੂਰੋਂ ਵੇਖ ਲਵੇ ਕਿ ਮਹਾਰਾਣੀ ਅਜੇ ਸੁੱਤੀ ਪਈ ਹੈ।

ਕਿਲ੍ਹੇ ਦੀ ਕੈਦ ਵਿਚੋਂ ਨਿਕਲ ਕੇ ਮਹਾਰਾਣੀ ਜਿੰਦਾਂ ਹਨੇਰੀ ਰਾਤ ਵਿਚ ਹਰਨੀ ਵਾਂਗ ਚੁੰਗੀਆਂ ਭਰਦੀ ਹੋਈ ਉੱਚੀਆਂ ਨੀਵੀਆਂ ਥਾਵਾਂ ਨੂੰ ਲਿਤਾੜਦੀ ਜਾ ਰਹੀ ਸੀ। ਉਸ ਦੀ ਹਿੱਕ ਵਿਚ ਸੀ ਦਲੇਰ ਦਿਲ ਤੇ ਸਿਰ ਵਿਚ ਸੀ ਫ਼ਿਲਾਸਫ਼ਰਾਂ ਵਰਗਾ ਦਿਮਾਗ਼। ਪੱਥਰਾਂ ਤੇ ਵੱਟਿਆਂ ਨਾਲ ਠੇਡੇ ਖਾਂਦੀ ਹੋਈ ਉਹ ਗੰਗਾ ਕਿਨਾਰੇ ਜਾ ਪੁੱਜੀ। ਉਸ ਨੇ ਗਾਗਰ ਨੂੰ ਗੰਗਾ ਕਿਨਾਰੇ ਟਿਕਾ ਦਿੱਤਾ। ਉਸ ਵਿਚੋਂ ਇਕ ਧੋਤੀ ਕੱਢੀ ਤੇ ਉਹ ਵੀ ਲਾਗੇ ਹੀ ਰੱਖ ਦਿੱਤੀ ਤਾਂ ਜੋ ਕੋਈ ਪਿੱਛੋਂ ਭਾਲਣ ਵੀ ਆ ਜਾਏ ਤਾਂ ਉਹ ਸਮਝੇ ਕਿ ਇਸ਼ਨਾਨ ਕਰਦੀ ਹੋਈ ਖਵਰੇ ਰੁੜ੍ਹ ਹੀ ਗਈ ਹੋਵੇ। ਫਿਰ ਉਹ ਚੜ੍ਹਦੇ ਪਾਸੇ ਨੂੰ ਨੱਸ ਉੱਠੀ।

ਦਰਿਆ ਦੇ ਕੰਢੇ ਕੰਢੇ ਰੇਤ ਸੀ। ਰੇਤ ਵਿਚ ਠਿੱਬੀ ਜੁੱਤੀ ਨਾਲ ਭੱਜਿਆ ਨਹੀਂ ਸੀ ਜਾਂਦਾ, ਉਸ ਨੇ ਜੁੱਤੀ ਹੱਥ ਵਿਚ ਫੜ ਲਈ ਤੇ ਠੰਢੀ ਰੇਤ ਉੱਤੇ ਨੰਗੀਆਂ ਤਲੀਆਂ ਨਾਲ ਦੌੜਨ ਲੱਗੀ। ਮਹਾਰਾਣੀ ਪੁੱਜ ਕੇ ਜੁਆਨ ਸੀ। ਉਸ ਲਈ ਨੱਸਣਾ ਔਖਾ ਸੀ ਪਰ ਫੇਰ ਵੀ ਸ਼ੇਰੇ-ਪੰਜਾਬ ਦੀ ਪਿਆਰੀ ਜਿੰਦਾਂ, ਵੀਹ ਵੀਹ


Namdhari Elibrary Namdharielibrary@gmail.com



ਸ਼ੇਰੇ ਪੰਜਾਬ ਦੀ ਮੜ੍ਹੀ ਉੱਤੇ



NamdhariElibrary NamdhariElibrary@gmail.com

ਗੋਲੀਆਂ ਨਾਲ ਪਾਲਕੀ ਵਿਚ ਬਾਹਰ ਨਿਕਲਣ ਵਾਲੀ ਮਹਾਰਾਣੀ, ਕਮਰ ਨਾਲ ਦੁਪੱਟਾ ਬੰਨ੍ਹ ਕੇ ਨੰਗੇ ਪੈਰੀਂ ਤੇ ਨੰਗੇ ਸਿਰ ਉਜਾੜ ਵਿਚ ਨੱਸੀ ਜਾ ਰਹੀ ਸੀ। ਹਨੇਰੀ ਰਾਤ, ਦਰਿਆ ਗੰਗਾ ਦਾ ਰੇਤਲਾ ਕੰਢਾ, ਅਣਡਿੱਠਾ ਪਹਾੜੀ ਇਲਾਕਾ, ਵਿਸਾਖ ਦੇ ਪਹਿਲੇ ਦਿਨ ਹੋਣ ਕਰਕੇ ਠੰਡ ਵੀ ਚੋਖੀ ਅਤੇ ਪਿਛੋਂ ਵੈਰੀ ਦੇ ਆਉਣ ਦਾ ਡਰ ! ਇਨ੍ਹਾਂ ਸਾਰਿਆਂ ਖਤਰਿਆਂ ਦਾ ਮੁਕਾਬਲਾ ਮਹਾਰਾਣੀ ਬੜੀ ਦਲੇਰੀ ਤੇ ਅਡੋਲਤਾ ਨਾਲ ਕਰਨ ਲੱਗੀ।

ਮਹਾਰਾਣੀ ਪੂਰਾ ਕੋਹ ਕੁ ਨੱਸੀ ਹੋਵੇਗੀ ਕਿ ਉਸ ਦੀਆਂ ਲੱਤਾਂ ਥੱਕ ਗਈਆਂ, ਪੈਰ ਹੰਭ ਗਏ, ਸਾਹ ਚੜ੍ਹ ਗਿਆ, ਹੌਂਕਣੀ ਲੱਗ ਗਈ ਤੇ ਸੰਘ ਖੁਸ਼ਕ ਹੋ ਗਿਆ। ਪਲ ਕੁ ਰੁਕੀ ਤੇ ਬੈਠ ਗਈ ਤੇ ਫਿਰ ਸੋਚਿਆ ਕਿ ਥੋੜ੍ਹਾ ਜਿਹਾ ਆਲਸ ਉਸ ਨੂੰ ਕਿਸੇ ਦੀ ਗੋਲੀ ਦਾ ਨਿਸ਼ਾਨਾ ਬਣਾ ਸਕਦਾ ਹੈ। ਉਹ ਦਿਲ ਤਕੜਾ ਕਰਕੇ ਉੱਠੀ ਤੇ ਰਹਿੰਦਾ ਪੰਧ ਮੁਕਾਉਣ ਵਾਸਤੇ ਮੁੜ ਦੌੜਨਾ ਸ਼ੁਰੂ ਕਰ ਦਿੱਤਾ।

ਉਸ ਨੂੰ ਦੱਸਿਆ ਗਿਆ ਕਿ ਚੜ੍ਹਦੇ ਪਾਸੇ ਜਦੋਂ ਤਿੰਨ ਕੁ ਕੋਹ ਦੂਰ ਚਲੀ ਜਾਏਂਗੀ ਤਾਂ ਇਕ ਪਿੰਡ ਆਏਗਾ। ਉਹ ਗੰਗਾ ਦੇ ਕਿਨਾਰੇ ਹੋਵੇਗਾ। ਉਹਦਾ ਪੱਤਣ ਬੇੜੀ ਰਾਹੀਂ ਪਾਰ ਕਰ ਲੈਣਾ। ਪਰਲੇ ਕੰਢਿਓਂ ਦੋ ਮੀਲ ਤੇ 'ਰਾਮ ਨਗਰ' ਨਾਂ ਦਾ ਇਕ ਛੋਟਾ ਜਿਹਾ ਪਿੰਡ ਆਏਗਾ, ਉਸ ਪਿੰਡ ਦੇ ਠਾਕਰ-ਦੁਆਰੇ ਵਿਚ ਗੋਮਤੀ ਇਕ ਫ਼ਕੀਰਨੀ ਬਣ ਕੇ ਬੈਠੀ ਹੋਏਗੀ, ਉਸ ਨੂੰ ਜਾ ਮਿਲੀਂ। ਉਹ ਗੋਮਤੀ ਇਸੇ ਦੀ ਗੋਲੀ ਸੀ ਜਿਸ ਨੂੰ ਤਿੰਨ ਦਿਨ ਪਹਿਲਾਂ ਤੋਰਿਆ ਸੀ। ਇਸ ਪ੍ਰੋਗਰਾਮ ਅਨੁਸਾਰ ਮਹਾਰਾਣੀ ਜਿੰਦਾਂ ਬੇੜੀ ਦੇ ਪੱਤਣ ਲਾਗੇ ਜਾ ਕੇ ਲੁਕੀ ਤੇ ਬੇੜੀ ਦਾ ਪੂਰ ਭਰ ਜਾਣ ਮਗਰੋਂ ਚੁੱਪ ਕਰਕੇ ਉਹ ਉਸ ਪੂਰ ਵਿਚ ਬੈਠ ਗਈ।

ਮਹਾਰਾਣੀ ਜਿੰਦਾਂ ਦੇ ਇਸ ਪੰਧ ਦੀਆਂ ਪੀੜਾਂ ਵਿਚ ਪੁੱਤਰ-ਮਿਲਾਪ ਤੇ ਰਾਜ ਭਾਗ ਦੇ ਮੁੜ ਮਿਲਣ ਦੀ ਇਕ ਆਸ-ਕਿਰਨ ਸੀ। ਉਸ ਆਸ ਦੇ ਆਸਰੇ ਹੀ ਉਹ ਢਿੱਡੋਂ ਭੁੱਖੀ, ਪੈਰੋਂ ਤੇ ਸਿਰੋਂ ਨੰਗੀ ਵਾਹੋ-ਦਾਹੀ ਇਨ੍ਹਾਂ ਅਣਡਿੱਠੀਆਂ



NamdhariElibrary NamdhariElibrary@gmail.com



ਖ਼ਾਲਸਾ ਫ਼ੌਜ ਦੀ ਅਗਵਾਈ



NamdhariElibrary NamdhariElibrary@gmail.com

ਥਾਵਾਂ ਤੇ ਪੁੱਜੀ ਸੀ ।

## *ਗੋਮਤੀ ਨੂੰ ਮਿਲਣਾ*

ਰਾਮਨਗਰ ਵਿਚ ਗੋਮਤੀ ਫ਼ਕੀਰਨੀ ਦੇ ਭੇਸ ਵਿਚ ਆਪਣੀ ਮਹਾਰਾਣੀ ਨੂੰ ਉਡੀਕ ਰਹੀ ਸੀ । ਮਹਾਰਾਣੀ ਉੱਥੇ ਤੀਕ ਪਹੁੰਚ ਗਈ ਸੀ ਪਰ ਪੈਂਡੇ ਦੀ ਥਕਾਵਟ ਕਾਰਨ ਉਸ ਦੀਆਂ ਥੱਕੀਆਂ ਹੋਈਆਂ ਅੱਖਾਂ ਗੋਮਤੀ ਨੂੰ ਪਛਾਣ ਨਾ ਸਕੀਆਂ ।

ਅੱਜ ਪਹਿਲੀ ਵਾਰ ਸੀ ਜਦੋਂ ਗੋਮਤੀ ਨੇ ਨਾ ਹੱਥ ਜੋੜੇ, ਨਾ ਝੁਕ ਕੇ ਮੱਥਾ ਟੇਕਿਆ ਤਾਂ ਜੋ ਕਿਸੇ ਨੂੰ ਸ਼ੱਕ ਨਾ ਪੈ ਜਾਵੇ, ਸਗੋਂ ਮਲਕੜੇ ਜਿਹੇ ਮਹਾਰਾਣੀ ਦੇ ਲਾਗੇ ਜਾ ਕੇ ਧੀਮੀਂ ਅਵਾਜ਼ ਵਿਚ ਆਖਿਆ, "ਵਾਹਿਗੁਰੂ ਦਾ ਲੱਖ ਸ਼ੁਕਰ ਹੈ, ਤੁਸੀਂ ਆ ਗਏ, ਉਡੀਕ ਵਿਚ ਬੈਠਿਆਂ ਮੇਰਾ ਮਨ ਦੁਚਿੱਤੀ ਵਿਚ ਗੋਤੇ ਖਾ ਰਿਹਾ ਸੀ ।"

"ਆ ਗਈ ! ਪਰ..." ਪੈਂਡੇ ਦੀ ਥੱਕੀ ਤੇ ਭੁੱਖ ਨਾਲ ਬਿਹਬਲ ਹੋਈ ਮਹਾਰਾਣੀ ਗੱਲ ਵੀ ਪੂਰੀ ਨਾ ਕਰ ਸਕੀ । "ਮੇਰੇ ਸਿਰ ਨੂੰ ਚੱਕਰ ਆ ਰਹੇ ਨੇ ।" ਗੋਮਤੀ ਦੇ ਮੋਢੇ ਦੇ ਸਹਾਰੇ ਨਾਲ ਉਹ ਇਕ ਥੜੇ 'ਤੇ ਬੈਠ ਗਈ ।

"ਗੋਮਾਂ, ਮੈਨੂੰ ਕੁਝ ਖਾਣ ਵਾਸਤੇ ਦੇ । ਮੈਂ ਸਵੇਰ ਦਾ ਕੁਝ ਨਹੀਂ ਖਾਧਾ । ਮੇਰੇ ਢਿੱਡ ਪੀੜ੍ਹ ਹੋ ਰਹੀ ਹੈ" ਮਹਾਰਾਣੀ ਨੇ ਆਪਣੀ ਵੱਖੀ 'ਤੇ ਸੱਜਾ ਹੱਥ ਰੱਖਦਿਆਂ ਹੋਇਆਂ ਆਖਿਆ ।

"ਹਾਇ ! ਮੈਂ ਮਰੀ ਸਵੇਰ ਦਾ ਕੁਝ ਨਹੀਂ ਖਾਧਾ । ਮੈਂ ਹੁਣੇ ਬਾਬਾ ਜੀ (ਮੰਦਰ ਦਾ ਪੁਜਾਰੀ) ਕੋਲ ਜਾ ਕੇ ਚੌਲ ਲਿਆਉਂਦੀ ਹਾਂ," ਗੋਮਤੀ ਇਹ ਆਖਦੀ ਹੋਈ ਉੱਠੀ । ਪਰ ਉਸ ਵੇਲੇ ਹੀ ਕੁਝ ਸੋਚ ਕੇ ਬੋਲੀ, "ਮੈਂ ਤਾਂ ਅੱਗੇ ਚੌਲ ਲਿਆ ਕੇ ਖਾ ਚੁੱਕੀ ਹਾਂ, ਉਹ ਸ਼ਾਇਦ ਨਾਂਹ ਕਰ ਦੇਵੇ । ਤੁਹਾਨੂੰ ਮੰਗਣ ਵਾਸਤੇ ਆਪ ਜਾਣਾ ਪਵੇਗਾ ।"

"ਮੈਨੂੰ ਮੰਗਣ ਵਾਸਤੇ ਜਾਣਾ ਪਵੇਗਾ ?" ਮਹਾਰਾਣੀ ਹੈਰਾਨੀ ਨਾਲ ਬੋਲੀ । ਮੁੜ ਦਿਲ ਵਿਚ ਸੋਚਣ ਲੱਗੀ, 'ਠੀਕ ਹੈ, ਮੈਨੂੰ ਮੰਗਣਾ ਪਵੇਗਾ । ਮੈਂ ਹੁਣ


NamdhariElibrary NamdhariElibrary@gmail.com



ਸਿੱਖਾਂ ਅਤੇ ਅੰਗਰੇਜ਼ਾਂ ਦੀ ਜੰਗ



NamdhariElibrary NamdhariElibrary@gmail.com

ਫ਼ਕੀਰਨੀ ਬਣ ਗਈ ਹਾਂ, "ਮਹਾਰਾਣੀ ਨਹੀਂ ਰਹੀ। ਉਸ ਦੇ ਨੇਤਰ ਸੱਜਲ ਹੋ ਗਏ। ਜਿਸ ਦੇ ਦਰ ਤੋਂ ਲੱਖਾਂ ਨੂੰ ਰੋਟੀ ਤੇ ਕੱਪੜਾ ਦਿੱਤਾ ਜਾਂਦਾ ਸੀ ਉਹ ਅੱਜ ਮੁੱਠੀ ਚੌਲਾਂ ਵਾਸਤੇ ਕਿਸੇ ਅੱਗੇ ਹੱਥ ਟੱਡੇਗੀ। ਉਸ ਦਾ ਮੰਗਣ ਜਾਣ ਦਾ ਹੌਸਲਾ ਨਾ ਪਿਆ। ਉਹ ਆਪਣੇ ਆਪ ਨੂੰ ਸੰਭਾਲ ਕੇ ਬੋਲੀ "ਮੈਂ ਥੱਕੀ ਟੁੱਟੀ ਹਾਂ, ਤੂੰ ਜਾਹ ! ਵਾਹਿਗੁਰੂ ਦਾ ਵਾਸਤਾ ਈ, ਮੁੱਠੀ ਚੌਲ ਮੰਗ ਲਿਆ। ਅਜੇ ਮੈਨੂੰ ਮੰਗਣ ਦੀ ਜਾਚ ਨਹੀਂ।"


ਗੋਮਤੀ ਬੁੱਢੇ ਪੁਜਾਰੀ ਕੋਲ ਗਈ। ਉਸ ਨੇ ਮੁੱਠੀ ਚੌਲਾਂ ਦਾ ਵਾਸਤਾ ਪਾਇਆ। ਉਹ ਬੜਾ ਤਰਸਵਾਨ ਸੀ। ਉਸ ਨੇ ਤਰਸ ਕਰਕੇ ਕੇਲੇ ਦੇ ਪੱਤਰ ਉਤੇ ਬੁਕ ਚੌਲ ਪਾ ਦਿੱਤੇ ਤੇ ਦੋ ਕੜਛੀਆਂ ਹਰਹਰ ਦੀ ਦਾਲ ਉਨ੍ਹਾਂ ਉੱਤੇ ਹੀ ਪਾ ਦਿੱਤੀ। ਗੋਮਤੀ ਨੇ ਉਹ ਲਿਆ ਕੇ, ਚਾਂਦੀ ਦੇ ਥਾਲ ਵਿਚ ਕਈ ਤਰ੍ਹਾਂ ਦੇ ਖਾਣੇ ਖਾਣ ਵਾਲੀ, ਮਹਾਰਾਣੀ ਅੱਗੇ ਰੱਖ ਦਿੱਤੇ। ਉਨ੍ਹਾਂ ਚੌਲਾਂ ਨੂੰ ਖਾਂਦਿਆਂ ਮਹਾਰਾਣੀ ਦੀਆਂ ਅੱਖਾਂ ਵਿੱਚੋਂ ਤ੍ਰਿਪ ਤ੍ਰਿਪ ਅੱਥਰੂ ਕਿਰਦੇ ਰਹੇ। ਰੱਬ ਦਾ ਭਾਣਾ ਮਿੱਠਾ ਜਾਣ, ਸਬਰ ਕੀਤਾ। ਖਾ ਚੁੱਕਣ ਪਿੱਛੋਂ ਅੱਖਾਂ ਖੁਲ੍ਹੀਆਂ, ਸਿਰ ਦੇ ਚੱਕਰ ਘਟੇ ਅਤੇ ਕੁਝ ਦਿਲ ਨੂੰ ਚੈਨ ਆਇਆ। ਏਥੇ ਕੋਈ ਡਰ ਤਾਂ ਨਹੀਂ ?" ਚੌਗਿਰਦੇ ਨਿਗਾਹ ਮਾਰ ਕੇ ਮਹਾਰਾਣੀ ਨੇ ਗੋਮਤੀ ਤੋਂ ਪੁੱਛਿਆ।

"ਡਰ ਤਾਂ ਕੋਈ ਨਹੀਂ, ਤੁਸਾਂ ਦੇ ਪੰਜਾਬੀ ਲੀੜਿਆਂ ਦੀ ਚਿੰਤਾ ਹੈ। ਇਨ੍ਹਾਂ ਨੂੰ ਲਾਹ ਦਿਓ। ਮੇਰੇ ਕੋਲ ਇਕ ਧੋਤੀ ਹੈ। ਉਹ ਬੰਨ੍ਹ ਲਵੋ, ਤਾਂ ਕੋਈ ਫ਼ਿਕਰ ਨਹੀਂ," ਆਖਦਿਆਂ ਗੋਮਤੀ ਨੇ ਆਪਣੀ ਪੋਟਲੀ ਵਿਚੋਂ ਇਕ ਟਾਕੀਆਂ ਵਾਲੀ ਚਿੱਟੀ ਧੋਤੀ ਕੱਢ ਲਈ।

ਇਕ ਕੋਠੜੀ, ਜਿਸ ਅੰਦਰ ਕੋਈ ਮੁਸਾਫ਼ਰ ਅਜੇ ਨਹੀਂ ਸੀ ਗਿਆ, ਉਸ ਵਿਚ ਮਹਾਰਾਣੀ ਨੇ ਸ਼ਾਮੋ ਦਾਸੀ ਵਾਲੇ ਲੀੜੇ ਲਾਹ ਕੇ ਇਕ ਪਾਸੇ ਰੱਖ ਦਿੱਤੇ ਤੇ ਧੋਤੀ ਬੰਨ੍ਹ ਲਈ। ਫ਼ਰਸ਼ ਉੱਤੇ ਸਫਾਂ ਪਈਆਂ ਹੋਈਆਂ ਸਨ। ਪੰਜਾਬ ਦੀ ਮਹਾਰਾਣੀ, ਕਦੇ ਨਵਾਰੀ ਪਲੰਘਾਂ ਉੱਪਰ ਵਿਛੇ ਮਖਮਲੀ ਬਿਸਤਰੇ ਵਿਚ ਨੁਕਸ ਕੱਢਦੀ ਹੁੰਦੀ ਸੀ, ਅੱਜ ਕਰੜੀ ਜ਼ਮੀਨ ਉੱਤੇ ਹੀ ਗਰੀਬੀ ਭੇਸ ਵਿਚ ਆਪਣੀ



NamdhariElibrary NamdhariElibrary@gmail.com



ਪੰਜਾਬ 'ਤੇ ਕਬਜ਼ਾ



Namdhari Elibrary namdhari.elibrary@gmail.com

ਦਾਸੀ ਨਾਲ ਸੌਂ ਗਈ। ਲੰਮੇਰੇ ਪੰਧ ਦੇ ਥਕੇਵੇਂ ਨੇ ਉਸ ਦਾ ਅੰਗ ਅੰਗ ਚੂਰ ਕੀਤਾ ਹੋਇਆ ਸੀ।

ਇਥੇ ਦੋਵਾਂ ਨੂੰ ਚਾਰ ਦਿਨ ਅਟਕਣਾ ਪਿਆ। ਗੋਮਤੀ ਕਿਸੇ ਸੰਨਿਆਸੀ ਕੋਲੋਂ ਪੀਸੀ ਹੋਈ ਬੂਟੀ ਲਿਆ ਕੇ ਮਹਾਰਾਣੀ ਦੇ ਪੈਰਾਂ 'ਤੇ ਲਾਉਂਦੀ ਰਹੀ। ਮਹਾਰਾਣੀ ਦੇ ਪੈਰ ਠੀਕ ਹੋ ਕੇ ਮੁੜ ਸਫ਼ਰ ਕਰਨ ਜੋਗੇ ਹੋਏ ਤਾਂ ਪੰਜਵੇਂ ਦਿਨ ਇਹ ਦੋਵੇਂ ਫ਼ਕੀਰਨੀਆਂ ਦੇ ਭੇਸ ਵਿਚ ਉੱਥੋਂ ਪੰਜਾਬ ਦੇ ਰਾਹ ਵਲ ਚੱਲ ਪਈਆਂ।

ਉੱਧਰ ਚੁਨਾਰ ਦੇ ਕਿਲ੍ਹੇ ਵਿਚ ਕਾਫ਼ੀ ਦਿਨ ਚੜ੍ਹੇ ਅੰਗਰੇਜ਼ ਸਰਕਾਰ ਨੂੰ ਪਤਾ ਲੱਗਾ ਕਿ ਮਹਾਰਾਣੀ ਜਿੰਦਾਂ ਆਪਣੇ ਕੱਪੜੇ ਆਪਣੀ ਦਾਸੀ ਸ਼ਾਮੋ ਨੂੰ ਪੁਆ ਕੇ ਕੈਦ ਵਿਚੋਂ ਨੱਸ ਗਈ ਹੈ। ਸ਼ਾਮੋ ਨੂੰ ਗ੍ਰਿਫ਼ਤਾਰ ਕਰਕੇ ਪੁੱਛਿਆ ਗਿਆ ਤੇ ਸਖ਼ਤੀਆਂ ਕੀਤੀਆਂ ਗਈਆਂ। ਪਰ ਸ਼ਾਮੋ ਨੇ ਆਪਣਾ ਇਕੋ ਬਿਆਨ ਰੱਖਿਆ ਕਿ ਮਹਾਰਾਣੀ ਮੈਨੂੰ ਭੰਗ ਪਿਆ ਕੇ ਬੇ-ਸੁਰਤ ਕਰ ਕੇ ਆਪਣੇ ਕੱਪੜੇ ਮੈਨੂੰ ਪੁਆ ਕੇ ਪਤਾ ਨਹੀਂ ਕਦੋਂ ਤੇ ਕਿੱਧਰ ਨੂੰ ਚਲੀ ਗਈ ਹੈ।" ਅੰਗਰੇਜ਼ ਸਰਕਾਰ ਨੇ ਸੋਚਿਆ ਕਿ ਮਹਾਰਾਣੀ ਭੱਜ ਕੇ ਪੰਜਾਬ ਵੱਲ ਨੂੰ ਹੀ ਜਾਵੇਗੀ। ਸੋ ਪੰਜਾਬ ਨੂੰ ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਤੇ ਮਹਾਰਾਣੀ ਦੀ ਭਾਲ ਬੜੀ ਕਰੜਾਈ ਨਾਲ ਹੋਣ ਲੱਗੀ। ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਢੋਲ ਪਿੱਟੇ ਜਾਣ ਲੱਗੇ।

ਮਹਾਰਾਣੀ ਨੂੰ ਜਦ ਪਤਾ ਲੱਗਾ ਤਾਂ ਉਹ ਪੰਜਾਬ ਵੱਲ ਪੱਛਮ ਨੂੰ ਜਾਣ ਦੀ ਥਾਂ ਪੂਰਬ ਵੱਲ ਤੁਰ ਪਈ। ਉਹ ਆਪਣੀ ਦਾਸੀ ਨਾਲ ਮੰਜ਼ਲੋ-ਮੰਜ਼ਲੀ ਜੌਨਪੁਰ ਆ ਗਈ। ਜਦੋਂ ਉਹ ਆਜ਼ਮਗੜ੍ਹ ਆ ਰਹੀਆਂ ਸਨ ਤਾਂ ਰਸਤੇ ਵਿਚ ਗੋਮਤੀ ਬਿਮਾਰ ਪੈ ਗਈ। ਇਕ ਪਿੰਡ ਦੇ ਮੰਦਰ ਵਿਚ ਗੋਮਤੀ ਦੇ ਠੀਕ ਹੋਣ ਤਕ ਉਹ ਵੀਹ ਦਿਨ ਰਹੀਆਂ। ਆਜ਼ਮਗੜ੍ਹ ਤੋਂ ਗੋਰਖਪੁਰ ਆਈਆਂ। ਉਥੋਂ ਮਹਾਰਾਣੀ ਨੇ ਨਿਪਾਲ ਜਾਣ ਦੀ ਸਲਾਹ ਬਣਾਈ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਨਿਪਾਲ ਰਾਜ ਨਾਲ ਚੰਗੇ ਸਬੰਧ ਰਹੇ ਸਨ ਤੇ ਉਥੋਂ ਦਾ ਵਜ਼ੀਰ ਰਾਣਾ ਜੰਗ



NamdhariElibrary NamdhariElibrary@gmail.com



ਜਿੰਦਾਂ ਚੁਨਾਰ ਦੇ ਕਿਲ੍ਹੇ ਵਿਚ ਕੈਦ



Namdhari Elibrary namdharielibrary@gmail.com

ਬਹਾਦਰ ਆਪਣੇ ਮਾਮੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਪੰਜ ਸਾਲ ਰਿਹਾ ਸੀ। ਮਹਾਰਾਣੀ ਨੂੰ ਉਸ ਕੋਲੋਂ ਮੱਦਦ ਮਿਲਣ ਦੀ ਆਸ਼ਾ ਸੀ।

## *ਨਿਪਾਲ 'ਚ ਦਾਖਲ ਹੋਣਾ*

ਗੋਰਖਪੁਰੋਂ ਨਿਪਾਲ ਜਾਣ ਲਈ ਉਹ ਦੋਵੇਂ ਸ਼ਾਹੀ ਰਾਹ ਨੂੰ ਛੱਡ ਕੇ ਦਰਿਆ ਗੰਧਕ ਦੇ ਕਿਨਾਰੇ ਹੋ ਤੁਰੀਆਂ। ਇਹ ਰਾਹ ਬੜਾ ਬਿਖੜਾ ਤੇ ਡਰਾਉਣਾ ਸੀ। ਘਣੇ ਜੰਗਲ ਤੇ ਉੱਚੇ ਪਹਾੜ ਰਾਹ ਵਿਚ ਆਉਂਦੇ ਸਨ। ਪਰ ਨਿਰਭੈ ਹੋ ਕੇ ਦੋਵੇਂ ਤੁਰਦੀਆਂ ਗਈਆਂ।

ਗੋਰਖਪੁਰੋਂ ਇਕ ਸਰਕਾਰੀ ਸੂਹਾ ਸਾਧੂ ਦੇ ਭੇਸ ਵਿਚ ਉਨ੍ਹਾਂ ਦੇ ਪਿੱਛੇ ਲੱਗ ਗਿਆ। ਉਸ ਤੋਂ ਬਚਣ ਲਈ ਉਹ ਦੋਵੇਂ ਜੰਗਲ ਵੱਲ ਨੱਸ ਪਈਆਂ। ਕੁਦਰਤ ਵਲੋਂ ਤੇਜ਼ ਮੀਂਹ ਪੈਣ ਲੱਗ ਪਿਆ। ਸੂਹੇ ਕੋਲੋਂ ਬਚਣ ਲਈ, ਵਸੋਂ ਤੋਂ ਦੂਰ, ਇੱਕ ਪਹਾੜ ਦੀ ਗੁਫ਼ਾ ਵਿਚ ਉਹ ਦੋਵੇਂ ਲੁਕ ਕੇ ਬੈਠ ਗਈਆਂ। ਚਾਰ ਦਿਨ ਉਹ ਭੁੱਖੀਆਂ ਪਿਆਸੀਆਂ ਹਨੇਰੀ ਗੁਫ਼ਾ ਵਿਚ ਹੀ ਬੈਠੀਆਂ ਰਹੀਆਂ। ਮਹਾਰਾਣੀ ਨੂੰ ਕਾਂਬੇ ਦਾ ਬੁਖਾਰ ਚੜ੍ਹਿਆ ਹੋਇਆ ਸੀ। ਚੌਥੇ ਦਿਨ ਉਸ ਗੁਫ਼ਾ ਵਿਚ ਰਹਿਣ ਵਾਲਾ ਇਕ ਸਾਧੂ ਉੱਥੇ ਆ ਗਿਆ। ਗੱਲਾਂ-ਬਾਤਾਂ ਕਰਨ ਨਾਲ ਪਤਾ ਲੱਗਾ ਕਿ ਸਬੱਬੀ ਉਹ (ਸਾਧੂ ਪਰਤਾਪ ਸਿੰਘ) ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਇਕ ਸਿਪਾਹੀ ਰਿਹਾ ਸੀ। ਮਹਾਰਾਜ ਦੇ ਪੋਤਰੇ ਦੇ ਕਤਲ ਹੋ ਜਾਣ ਮਗਰੋਂ, ਦੁੱਖੀ ਹੋ ਕੇ ਉਹ ਨੌਕਰੀ ਛੱਡ ਕੇ ਸਾਧੂ ਹੋ ਗਿਆ ਸੀ।

ਸਾਧੂ ਪਰਤਾਪ ਸਿੰਘ ਨੇ ਆਪਣੀ ਮਹਾਰਾਣੀ ਦੀ ਪੂਰੀ ਸੇਵਾ ਕੀਤੀ। ਪਹਿਲੋਂ ਇਕ ਬੂਟੀ ਦੇ ਕੇ ਮਹਾਰਾਣੀ ਨੂੰ ਅਰੋਗ ਕੀਤਾ ਫਿਰ ਮਹਾਰਾਣੀ ਦੀ ਸਾਰੀ ਦੁੱਖ ਭਰੀ ਕਹਾਣੀ ਸੁਣੀ। ਬਰਸਾਤ ਦੇ ਇਸ ਮਹੀਨੇ ਮਹਾਰਾਣੀ ਤੇ ਗੋਮਤੀ ਗੁਫ਼ਾ ਵਿਚ ਰਹੀਆਂ ਤੇ ਫਿਰ ਸਾਧੂ ਪਰਤਾਪ ਸਿੰਘ ਨਾਲ ਫ਼ਕੀਰੀ ਭੇਸ ਵਿਚ ਨਿਪਾਲ ਵਲ ਚੱਲ ਪਈਆਂ। ਜਿਉਂ ਹੀ ਉਨ੍ਹਾਂ ਤਿੰਨਾਂ ਨੇ ਨਿਪਾਲ ਰਾਜ ਦੀ ਧਰਤੀ 'ਤੇ ਪੈਰ ਰੱਖਿਆ, ਸਾਧੂ ਨੂੰ ਨਮੂਨੀਆ ਹੋ ਗਿਆ ਤੇ ਥੋੜ੍ਹੇ ਹੀ ਸਮੇਂ ਅੰਦਰ ਉਸ



Namdhari Elibrary NamdhariElibrary@gmail.com



ਜਿੰਦਾਂ ਚੁਨਾਰ ਤੋਂ ਫਰਾਰ



Namdhari Elibrary NamdhariElibrary@gmail.com

ਦੀ ਮੌਤ ਹੋ ਗਈ ।

ਉਜਾੜ, ਜੰਗਲ ਵਿਚ ਬੈਠੀਆਂ, ਉਹ ਉਸ ਸਾਧੂ ਦਾ ਸਸਕਾਰ ਕਰਨ ਦੀ ਫ਼ਿਕਰ ਵਿਚ ਸਨ ਕਿ ਨਿਪਾਲ ਦੇ ਵੱਡੇ ਵਜ਼ੀਰ ਰਾਣਾ ਜੰਗ ਬਹਾਦਰ ਦੇ ਦੋ ਸਿਪਾਹੀ ਉੱਥੇ ਆ ਪਹੁੰਚੇ । ਉਹ ਕਿਸੇ ਸ਼ਿਕਾਰ ਦੀ ਭਾਲ ਵਿਚ ਆਏ ਸਨ । ਇਸ ਤਰ੍ਹਾਂ ਮਹਾਰਾਣੀ ਆਪਣੀ ਦਾਸੀ ਸਮੇਤ ਜੰਗ ਬਹਾਦਰ ਤਕ ਪਹੁੰਚ ਗਈ ।

## *ਨਿਪਾਲ ਦੇ ਜੰਗ ਬਹਾਦਰ ਨੇ ਢੋਅ ਦੇਣੀ*

ਜੰਗ ਬਹਾਦਰ ਨੇ ਮਹਾਰਾਣੀ ਦਾ ਬਹੁਤ ਸਤਿਕਾਰ ਕੀਤਾ ਤੇ ਪਾਲਕੀ ਵਿਚ ਬਿਠਾ ਕੇ ਖਟਮੰਡੂ ਲੈ ਗਿਆ । ਉਸ ਨੇ ਜਿੰਦਾਂ ਨੂੰ ਇਕ ਮਹੀਨਾ ਆਪਣੇ ਮਹੱਲ ਵਿਚ ਰੱਖਿਆ, ਫਿਰ ਕਈ ਹਜ਼ਾਰ ਰੁਪਏ ਖਰਚ ਕੇ ਉਸ ਵਾਸਤੇ ਇਕ ਅਲੀਸ਼ਾਨ ਮਹੱਲ ਵਿਸ਼ਨੂੰਮਤੀ ਦਰਿਆ ਦੇ ਕੰਢੇ ਤਿਆਰ ਕੀਤਾ । ਲੀੜੇ, ਖੁਰਾਕ ਤੇ ਦਾਸੀਆਂ ਦਾ ਪ੍ਰਬੰਧ ਕੀਤਾ । ਮਹਾਰਾਣੀ ਸਚਮੁੱਚ ਮਹਾਰਾਣੀ ਬਣ ਕੇ ਉਸ ਮਹੱਲ ਵਿਚ ਅਮਨ ਤੇ ਸ਼ਾਂਤੀ ਨਾਲ ਜੀਵਨ ਦੇ ਦਿਨ ਕੱਟਣ ਲੱਗੀ । ਨਿਪਾਲ ਦੇ ਰਾਜੇ ਦੇ ਖ਼ਜ਼ਾਨੇ ਵਿਚੋਂ ਉਸ ਨੂੰ ਦਸ ਹਜ਼ਾਰ ਰੁਪਏ ਸਾਲਾਨਾ ਵਜ਼ੀਫ਼ਾ ਮਿਲਣ ਲੱਗਾ। ਇਕ ਪੁੱਤਰ ਮਿਲਾਪ ਦੇ ਸੁੱਖ ਬਿਨਾਂ, ਉਸ ਨੂੰ ਸਾਰੇ ਸੁੱਖ ਪ੍ਰਾਪਤ ਹੋ ਗਏ ।

ਮਹਾਰਾਣੀ ਜਿੰਦਾਂ ਦੀ ਦਾਸੀ ਸ਼ਾਮੋ ਚੁਨਾਰ ਦੇ ਕਿਲ੍ਹੇ ਦੀ ਕੈਦ ਵਿਚੋਂ, ਇਕ ਸਿੱਖ ਪਹਿਰੇਦਾਰ ਸੱਜਨ ਸਿੰਘ, ਦੀ ਸਹਾਇਤਾ ਨਾਲ ਨਿਕਲ ਆਈ ਸੀ । ਬਾਅਦ ਵਿਚ ਸੱਜਨ ਸਿੰਘ ਨਾਲ ਉਸ ਨੇ ਵਿਆਹ ਕਰਵਾ ਲਿਆ । ਉਹ ਦੋਵੇਂ ਮਹਾਰਾਣੀ ਨੂੰ ਲੱਭਦੇ ਲਭਾਉਂਦੇ ਨਿਪਾਲ ਆ ਪੁੱਜੇ । ਮਹਾਰਾਣੀ ਉਨ੍ਹਾਂ ਨੂੰ ਮਿਲ ਕੇ ਬਹੁਤ ਖੁਸ਼ ਹੋਈ ।

ਮਹਾਰਾਣੀ ਜਿੰਦਾਂ ਦੀ ਇੱਛਾ ਅਨੁਸਾਰ ਸੱਜਨ ਸਿੰਘ ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਤੁਰ ਪਿਆ । ਦਲੀਪ ਸਿੰਘ ਨੂੰ ਅੰਗਰੇਜ਼ਾਂ ਨੇ ਉਸ ਵੇਲੇ ਫਤਿਹਗੜ੍ਹ (ਯੂ.ਪੀ.) ਵਿਚ ਰੱਖਿਆ ਹੋਇਆ ਸੀ ।

## *ਦਲੀਪ ਸਿੰਘ ਨੂੰ ਇਸਾਈ ਬਣਾਉਣਾ*

ਮਹਾਰਾਣੀ ਜਿੰਦਾਂ ਦੀ ਬਦਨਾਮੀ ਕਰਕੇ ਤੇ ਉਸ ਉਪਰ ਝੂਠੇ ਦੋਸ਼ ਲਗਾ ਕੇ



NamdhariElibrary NamdhariElibrary@gmail.com

ਅੰਗਰੇਜ਼ਾਂ ਨੇ ਦਲੀਪ ਸਿੰਘ ਨੂੰ ਉਸ ਦੇ ਵਿਰੁੱਧ ਕੀਤਾ ਹੋਇਆ ਸੀ ਤਾਂ ਕਿ ਉਹ ਆਪਣੀ ਮਾਤਾ ਨੂੰ ਯਾਦ ਨਾ ਕਰੇ। ਉਸ ਨੂੰ ਕਿਹਾ ਗਿਆ ਸੀ ਕਿ 16 ਸਾਲ ਦੀ ਉਮਰ ਹੋਣ 'ਤੇ ਉਸ ਨੂੰ ਪੰਜਾਬ ਦਾ ਰਾਜ ਦੇ ਦਿੱਤਾ ਜਾਵੇਗਾ। ਵੱਡੇ ਵੱਡੇ ਈਸਾਈ ਪਾਦਰੀ ਅਤੇ ਡਾਕਟਰ ਲਾਜਿਨ ਨੂੰ, ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਸਿੱਖਿਆ ਦੇਣ ਲਈ ਨਿਯੁਕਤ ਕੀਤਾ ਗਿਆ ਸੀ। ਸੋਲ੍ਹਾਂ ਸਾਲ ਦੀ ਉਮਰ ਹੋਣ ਤੋਂ ਕੁਝ ਮਹੀਨੇ ਪਹਿਲਾਂ ਹੀ ਉਸ ਨੂੰ ਸ਼ਹਿਰ ਦੇ ਪਤਵੰਤੇ ਸੱਜਣਾਂ, ਈਸਾਈਆਂ, ਪਾਦਰੀਆਂ ਤੇ ਸਰਕਾਰੀ ਕਰਮਚਾਰੀਆਂ ਦੀ ਮੌਜੂਦਗੀ ਵਿਚ ਇਸਾਈ ਬਣਾ ਦਿੱਤਾ ਗਿਆ। ਉਸ ਦੇ ਕੇਸ ਕਤਲ ਕਰ ਦਿੱਤੇ ਗਏ। ਸਭ ਨੇ ਵਧਾਈਆਂ ਦਿੱਤੀਆਂ, ਜਸ਼ਨ ਕੀਤੇ ਤੇ ਰਾਤ ਨੂੰ ਦੀਪਮਾਲਾ ਹੋਈ। ਵਲੈਤ ਦੀ ਪਾਰਲੀਮੈਂਟ ਮਲਕਾ ਵਿਕਟੋਰੀਆ ਨੇ ਲਾਰਡ ਡਲਹੌਜ਼ੀ ਨੂੰ ਖੁਸ਼ੀ ਦੀਆਂ ਤਾਰਾਂ ਦਿੱਤੀਆਂ ਅਤੇ ਦਲੀਪ ਸਿੰਘ ਨੂੰ ਵਲੈਤ ਲਿਜਾਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।

ਸੱਜਨ ਸਿੰਘ ਸਾਧੂ ਦੇ ਭੇਸ ਵਿਚ ਲੁਕ ਕੇ ਮਹਾਰਾਜਾ ਦਲੀਪ ਸਿੰਘ ਨੂੰ ਮਿਲਿਆ ਤੇ ਉਸ ਨੂੰ ਮਹਾਰਾਣੀ ਜਿੰਦਾਂ ਦੀ ਸਾਰੀ ਵਾਰਤਾ ਦੱਸੀ ਤੇ ਦੱਸਿਆ ਕਿ ਮਹਾਰਾਣੀ ਇਕ ਨੇਕ ਪਵਿੱਤਰ ਔਰਤ ਹੈ ਅਤੇ ਉਸ ਦੇ ਵਿਛੋੜੇ ਵਿਚ ਮਰਨ ਕਿਨਾਰੇ ਪਈ ਹੈ। ਅੰਗਰੇਜ਼ਾਂ ਨੇ ਜਾਣ ਬੁੱਝ ਕੇ ਮਾਂ ਪੁੱਤਰ ਨੂੰ ਪਾੜਨ ਲਈ ਮਹਾਰਾਣੀ ਉੱਪਰ ਝੂਠੇ ਦੋਸ਼ ਲਗਾਏ ਸਨ ਤਾਂ ਜੋ ਉਹ ਮੁੜ ਕੇ ਪੰਜਾਬ ਦਾ ਰਾਜ ਨਾ ਲੈ ਲਵੇ। ਦਲੀਪ ਸਿੰਘ ਨੂੰ ਹੁਣ ਸੱਚਾਈ ਦੀ ਸਮਝ ਆ ਰਹੀ ਸੀ, ਪਰ ਉਹ ਬੇਵੱਸ ਸੀ। ਅੰਗਰੇਜ਼ਾਂ ਨੇ ਉਸ ਨੂੰ ਸੈਰ ਕਰਾਉਣ ਦੇ ਬਹਾਨੇ ਇੰਗਲੈਂਡ ਭੇਜ ਦਿੱਤਾ।

## ਮਾਂ-ਪੁੱਤ ਦਾ ਮਿਲਾਪ

ਮਹਾਰਾਣੀ ਜਿੰਦਾਂ ਸੱਜਨ ਸਿੰਘ ਕੋਲੋਂ ਦਲੀਪ ਸਿੰਘ ਦਾ ਹਾਲ ਸੁਣ ਕੇ ਬੜੀ ਦੁੱਖੀ ਹੋਈ। ਜੰਗ ਬਹਾਦਰ ਨੇ ਉਸ ਨੂੰ ਬੜਾ ਦਿਲਾਸਾ ਦਿੱਤਾ। ਇਕ ਦਿਨ ਵਲੈਤੋਂ ਦਲੀਪ ਸਿੰਘ ਦੀ ਚਿੱਠੀ ਆਈ ਕਿ ਉਹ ਆਪਣੀ ਮਾਤਾ ਨੂੰ ਮਿਲਣ ਭਾਰਤ ਆ ਰਿਹਾ ਹੈ। ਮਾਂ ਨੂੰ ਮਿਲਣ ਦੀ ਤੜਪ ਉਸ ਦੇ ਹਿਰਦੇ ਵਿਚ ਪ੍ਰਬਲ ਹੋ



Namdhari Elibrary NamdhariElibrary@gmail.com

ਗਈ ਸੀ। ਅੰਗਰੇਜ਼ ਸਰਕਾਰ ਨੂੰ ਸ਼ਿਕਾਰ ਖੇਡਣ ਦਾ ਬਹਾਨਾ ਬਣਾ ਕੇ ਦਲੀਪ ਸਿੰਘ ਭਾਰਤ ਆਇਆ ਤੇ ਉਸ ਨੇ ਕਲਕੱਤੇ ਪੁੱਜਦੇ ਸਾਰ ਨਿਪਾਲ ਨੂੰ ਆਦਮੀ ਭੇਜਿਆ, ਜੋ ਉਸ ਦੀ ਮਾਂ ਨੂੰ ਬੜੇ ਸਤਿਕਾਰ ਤੇ ਸੌਖ ਨਾਲ ਕਲਕੱਤੇ ਲੈ ਆਵੇ।

ਮਹਾਰਾਣੀ ਖੁਸ਼ੀ ਨਾਲ ਬਾਗੋਂ ਬਾਗ ਹੋ ਗਈ। ਸ਼ਾਮੋਂ, ਗੋਮਤੀ ਨੇ ਸੱਜਨ ਸਿੰਘ ਨੂੰ ਨਾਲ ਲੈ ਨੇਪਾਲ ਸਰਕਾਰ ਦੀ ਮੱਦਦ ਨਾਲ ਉਹ ਕਲਕੱਤੇ ਵੱਲ ਤੁਰ ਪਈ। ਦਲੀਪ ਸਿੰਘ ਕਲਕੱਤੇ ਤੋਂ ਤੁਰ ਕੇ ਰਾਣੀ ਗੰਜ ਆ ਗਿਆ ਤਾਂ ਜੋ ਉਹ ਰਾਹ ਵਿਚ ਜਿੰਨੀ ਛੇਤੀ ਹੋ ਸਕੇ ਉਹ ਚਿਰਾਂ ਵਿਛੁੰਨੀ ਮਾਂ ਦੇ ਗਲ ਜਾ ਲੱਗੇ। ਉਧਰ ਮਹਾਰਾਣੀ ਦੀ ਹਾਲਤ ਵੀ ਐਸੀ ਹੀ ਸੀ। ਉਹ ਚਾਹੁੰਦੀ ਸੀ ਕਿ ਖੰਭ ਹੋਣ ਤਾਂ ਉੱਡ ਕੇ ਜਾ ਮਿਲੇ।

ਉਨ੍ਹੀ ਦਿਨੀਂ ਆਵਾਜਾਈ ਦਾ ਚੰਗਾ ਪ੍ਰਬੰਧ ਨਹੀਂ ਸੀ ਹੁੰਦਾ। ਪਾਲਕੀਆਂ, ਘੋੜੇ ਤੇ ਬੈਲ ਗੱਡੀਆਂ ਦੀ ਹੀ ਸੁਆਰੀ ਸੀ। ਆਖਿਰ ਉਹ ਭਾਗ ਭਰੀ ਘੜੀ ਆ ਗਈ, ਜਦੋਂ ਮਾਂ ਪੁੱਤ ਦਾ ਮਿਲਾਪ ਹੋਣ ਲੱਗਾ। ਚੌਦਾਂ ਸਾਲ ਦਾ ਵਿਛੋੜਾ ਕੋਈ ਥੋੜ੍ਹੀ ਗੱਲ ਨਹੀਂ ਸੀ। ਮਾਂ ਨੇ ਦਸ ਸਾਲਾਂ ਦੇ ਮਾਸੂਮ ਬੱਚੇ ਨੂੰ ਛੱਡਿਆ ਸੀ, ਹੁਣ ਉਹ ਚੌਵੀ ਸਾਲਾਂ ਦਾ ਗੱਭਰੂ ਹੋ ਗਿਆ ਸੀ। ਮਾਂ ਜਿੱਥੇ ਕਦੇ ਸੁੰਦਰ ਮੁਟਿਆਰ ਸੀ, ਉਥੇ ਹੁਣ ਗ਼ਮ ਵਿਚ ਕੁੱਬੀ ਤੇ ਬੁੱਢੀ ਹੋ ਗਈ ਸੀ। ਵਿਛੋੜੇ ਦੇ ਲੰਮੇ ਸਮੇਂ ਨੇ ਦੋਹਾਂ ਦੇ ਸਰੀਰਕ ਹੁਲੀਏ ਬਦਲ ਦਿੱਤੇ ਸਨ।

'ਮਾਤਾ ਜੀ, ਇਹ ਇਕ ਸ਼ਬਦ ਸੀ, ਜੋ ਮਹਾਰਾਣੀ ਦੇ ਗਲੇ ਲੱਗਣ ਲੱਗਿਆਂ ਮਹਾਰਾਜਾ ਦਲੀਪ ਸਿੰਘ ਦੀ ਜ਼ੁਬਾਨੋਂ ਨਿਕਲਿਆ।

'ਮੇਰੇ ਦਲੀਪ' ਦੋ ਹੀ ਸ਼ਬਦ ਸਨ ਜੋ ਮਹਾਰਾਣੀ ਬੋਲ ਸਕੀ। ਉਸ ਦੀ ਖ਼ੁਸ਼ੀ ਦਾ ਪਿਆਲਾ ਨਕੋ ਨੱਕ ਭਰ ਕੇ ਉਛਲ ਪਿਆ। ਪਾਗਲਾਂ ਵਾਂਗ ਆਪਣੇ ਪੁੱਤਰ ਦਾ ਮੂੰਹ ਚੁੰਮਦੀ, ਤੇ ਉਹਨੂੰ ਘੁਟ ਘੁਟ ਕਾਲਜੇ ਨਾਲ ਲਾ ਕੇ ਲੰਮੇ ਵਿਛੋੜੇ ਵਿਚ ਸੜਿਆ ਹੋਇਆ ਕਾਲਜਾ ਠੰਡਾ ਕਰਦੀ ਰਹੀ। ਦੋਵੇਂ ਰੋਣ ਲੱਗ ਪਏ। ਵੈਰਾਗ ਥੰਮਿਆ ਨਹੀਂ ਸੀ ਜਾਂਦਾ ਤੇ ਮਾਂ ਪੁੱਤ ਇਕ ਦੂਜੇ ਕੋਲੋਂ ਵੱਖ ਹੀ ਨਾ ਹੋਣ। ਪੂਰੇ ਅੱਧੇ ਘੰਟੇ ਪਿੱਛੋਂ ਦੋਹਾਂ ਦਾ ਵੈਰਾਗ ਕੁਝ ਮੱਠਾ ਹੋਇਆ। ਸਿਰ ਦੇ



NamdhariElibrary NamdhariElibrary@gmail.com

ਦੁੱਪਟੇ ਨਾਲ ਮਹਾਰਾਣੀ ਨੇ ਆਪਣੇ ਦਲੀਪ ਦੀਆਂ ਅੱਖਾਂ ਦੇ ਅੱਥਰੂ ਸੁਕਾਏ ਤੇ ਰਾਹ ਦੀ ਪਈ ਧੂੜ ਨੂੰ ਸਾਫ ਕੀਤਾ। ਮਾਂ, ਆਪਣੇ ਪੁੱਤਰ ਦੇ ਮੂੰਹ ਉਤੇ ਦਾੜ੍ਹੀ ਤੇ ਕੇਸ ਨਾ ਵੇਖ ਕੇ ਬੜੀ ਦੁੱਖੀ ਹੋਈ। ਉਸ ਨੇ ਪੁੱਤਰ ਨੂੰ ਮੁੜ ਸਿੱਖੀ ਵੱਲ ਆਉਣ ਦੀ ਸਿੱਖਿਆ ਦਿੱਤੀ।

ਥੋੜ੍ਹੇ ਦਿਨਾਂ ਮਗਰੋਂ ਅੰਗਰੇਜ਼ ਗਵਰਨਰ ਜਨਰਲ ਵਲੋਂ ਹੁਕਮ ਆਇਆ ਕਿ ਉਹ ਜਲਦੀ ਹੀ ਵਲੈਤ ਨੂੰ ਵਾਪਸ ਚਲੇ ਜਾਵੇ। ਉਸ ਨੂੰ ਆਪਣੀ ਮਾਤਾ ਨੂੰ ਆਪਣੇ ਨਾਲ ਵਲੈਤ ਲਿਜਾਣ ਦੀ ਇਜ਼ਾਜਤ ਵੀ ਮਿਲ ਗਈ।

## ਮਾਂ-ਪੁੱਤ ਨੂੰ ਵਲੈਤ ਭੇਜਣਾ

ਕਲਕੱਤਿਓਂ ਜਹਾਜ਼ ਵਿਚ ਬੈਠ ਕੇ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਨੂੰ ਨਾਲ ਲੈ ਕੇ ਮੁੜ ਵਲੈਤ ਨੂੰ ਚੱਲ ਪਿਆ। ਅੱਗੇ ਵਿਚਾਰੀ ਨੇ ਪੰਜਾਬ ਛੱਡਿਆ ਸੀ, ਹੁਣ ਹਿੰਦੁਸਤਾਨ ਵੀ ਛੱਡ ਦਿੱਤਾ ਆਪਣਾ ਵਤਨ ਛੱਡਣ ਵੇਲੇ ਉਸ ਦਾ ਮਨ ਭਰ ਆਇਆ। ਅਟੁੱਟ ਹੰਝੂਆਂ ਦੀ ਲੜੀ ਅੱਖਾਂ ਵਿਚੋਂ ਕਿੰਨਾਂ ਚਿਰ ਵਗਦੀ ਰਹੀ।

ਕਈਆਂ ਦਿਨਾਂ ਦੇ ਲੰਮੇ ਸਫਰ ਪਿੱਛੋਂ ਮਾਂ ਪੁੱਤ ਲੰਡਨ ਗਏ। ਮਹਾਰਾਣੀ ਦੀ ਰਿਹਾਇਸ਼ ਵਾਸਤੇ ਡਾਕਟਰ ਲਾਜਿਨ ਨੇ ਪਹਿਲਾਂ ਹੀ ਮਕਾਨ ਕਿਰਾਏ 'ਤੇ ਲੈ ਕੇ ਰੱਖਿਆ ਹੋਇਆ ਸੀ। ਮਹਾਰਾਣੀ ਨਾਲ ਸ਼ਾਮੋ, ਗੋਮਤੀ, ਸੱਜਨ ਸਿੰਘ ਤੇ ਹੋਰ ਹਿੰਦੁਸਤਾਨੀ ਗੋਲੀਆਂ ਤੇ ਸੇਵਕ ਸਨ। ਮਹਾਰਾਜਾ ਦਲੀਪ ਸਿੰਘ ਨਾਲ ਇਕ ਹੁਸ਼ਿਆਰ ਤੇ ਵਫ਼ਾਦਾਰ ਸੇਵਕ ਸੂਰਤੀ ਸੀ।

ਲੰਡਨ ਪੁੱਜ ਕੇ ਮਹਾਰਾਣੀ ਦੇ ਜੀਵਨ ਵਿਚ ਖੁਸ਼ੀ ਨਹੀਂ ਆਈ। ਗ਼ਮ ਤੇ ਉਦਾਸੀ ਨੇ ਉਸਦਾ ਪਿੱਛਾ ਨਾ ਛੱਡਿਆ। ਉਦਾਸੀ ਦਾ ਇਕ ਕਾਰਨ ਇਹ ਸੀ ਕਿ ਉਸ ਦਾ ਸਰੀਰ ਬੜਾ ਕਮਜ਼ੋਰ ਹੋ ਗਿਆ ਸੀ ਤੇ ਜੋੜਾਂ ਵਿਚ ਪੀੜ੍ਹਾਂ ਹੋਣ ਲੱਗ ਗਈਆਂ ਸਨ। ਅੱਖਾਂ ਦੀ ਜੋਤ ਬਿਲਕੁਲ ਘੱਟ ਗਈ ਸੀ। ਦੂਜਾ ਕਾਰਨ ਸੀ ਅੰਗਰੇਜ਼ੀ ਰਾਜ ਤੇ ਉਸ ਦੇ ਕਰਮਚਾਰੀਆਂ ਦੀ ਕਠੋਰਤਾ।

ਅੰਗਰੇਜ਼ ਸਰਕਾਰ ਡਰਦੀ ਸੀ ਕਿ ਮਹਾਰਾਣੀ ਜਿੰਦਾਂ ਦਲੀਪ ਸਿੰਘ ਨੂੰ ਕੋਈ


Namdhari Elibrary NamdhariElibrary@gmail.com

ਉਲਟੀ ਮੱਤ ਨਾ ਦੇ ਦੇਵੇ। ਕੋਈ ਸਾਜਿਸ਼ ਘੜ ਕੇ ਆਪਣਾ ਰਾਜ ਨਾ ਵਾਪਸ ਲੈ ਲਵੇ। ਇਸ ਕਾਰਨ ਲੰਡਨ ਤੋਂ ਦਸ ਕੁ ਮੀਲ ਦੂਰ ਇਕ ਮਹੱਲ ਖਰੀਦ ਕੇ ਮਹਾਰਾਣੀ ਨੂੰ ਆਪਣੀਆਂ ਗੋਲੀਆਂ ਤੇ ਸੇਵਕਾਂ ਨਾਲ ਉਥੇ ਰਹਿਣ ਨੂੰ ਮਜਬੂਰ ਕੀਤਾ ਗਿਆ ਤੇ ਮਹਾਰਾਜਾ ਦਲੀਪ ਸਿੰਘ ਨੂੰ ਲੰਡਨ ਵਿਚ ਰੱਖਿਆ ਗਿਆ। ਇਸ ਸਦਮੇ ਨੇ ਮਹਾਰਾਣੀ ਦੇ ਦਿਲ 'ਤੇ ਬੜਾ ਡੂੰਘਾ ਅਸਰ ਕੀਤਾ। ਮਲਕਾ ਵਿਕਟੋਰੀਆ ਤੇ ਅੰਗਰੇਜ਼ੀ ਸਰਕਾਰ ਦੇ ਕਰਮਚਾਰੀਆਂ ਅੱਗੇ ਬਥੇਰੇ ਵਾਸਤੇ ਪਾਏ ਕਿ ਉਸ ਨੂੰ ਪੁੱਤਰ ਕੋਲ ਰਹਿਣ ਦਿੱਤਾ ਜਾਵੇ ਤੇ ਉਸ ਦੇ ਪੁੱਤਰ ਨੂੰ ਮਹਾਰਾਜਾ ਬਣਾਇਆ ਜਾਵੇ, ਜਿਵੇਂ ਇਕਰਾਰ ਕੀਤਾ ਗਿਆ ਸੀ, ਪਰ ਕਿਸੇ ਇਕ ਨਾ ਸੁਣੀ। ਬਹਾਨਿਆਂ ਨਾਲ ਹੀ ਟਾਲਦੇ ਰਹੇ। ਬਸ ਇਹੋ ਉੱਤਰ ਆਉਂਦਾ, "ਸਰਕਾਰ ਵਿਚਾਰ ਕਰ ਰਹੀ ਹੈ।"

•

ਮਹਾਰਾਜਾ ਦਲੀਪ ਸਿੰਘ ਦੀ ਉਮਰ 24 ਸਾਲ ਤੋਂ ਉਪਰ ਹੋ ਗਈ ਸੀ। ਮਹਾਰਾਣੀ ਪੁੱਤਰ ਦਾ ਵਿਆਹ ਕਰਨਾ ਚਾਹੁੰਦੀ ਸੀ। ਅੰਗਰੇਜ਼ ਸਰਕਾਰ ਨਹੀਂ ਸੀ ਚਾਹੁੰਦੀ ਕਿ ਕਿਸੇ ਪੰਜਾਬੀ ਜਾਂ ਸਿੱਖ ਘਰਾਣੇ ਦੀ ਕੁੜੀ ਨਾਲ ਉਸ ਦੀ ਸ਼ਾਦੀ ਹੋਵੇ ਤੇ ਦਲੀਪ ਸਿੰਘ ਕਿਸੇ ਅਜਿਹੀ ਕੁੜੀ ਨਾਲ ਵਿਆਹ ਨਹੀਂ ਸੀ ਕਰਨਾ ਚਾਹੁੰਦਾ, ਜਿਸ ਦੀਆਂ ਨਾੜਾਂ ਵਿਚ ਅੰਗਰੇਜ਼ੀ ਲਹੂ ਹੋਵੇ।

## *ਜਿੰਦਾਂ ਦੀਆਂ ਅੰਤਿਮ ਘੜੀਆਂ*

31 ਜੁਲਾਈ 1863 ਦੀ ਸ਼ਾਮ ਨੂੰ ਮਹਾਰਾਣੀ ਆਪਣੇ ਨਿਵਾਸ ਅਸਥਾਨ ਐਬਿੰਗਟਨ ਹਾਊਸ ਦੇ ਇਕ ਕਮਰੇ ਵਿਚ ਪਲੰਘ 'ਤੇ ਲੇਟੀ ਹੋਈ ਆਪਣੇ ਜੀਵਨ ਦੀਆਂ ਅੰਤਿਮ ਘੜੀਆਂ ਗਿਣ ਰਹੀ ਸੀ। ਸਾਰੀ ਰਾਤ ਉਹ ਆਪਣੇ ਪੁੱਤਰ ਦਲੀਪ ਸਿੰਘ ਨੂੰ ਉਡੀਕਦੀ ਰਹੀ ਜਿਸ ਨੂੰ ਲੈਣ ਉਸ ਦਾ ਸੇਵਕ ਸੂਰਤੀ ਗਿਆ ਹੋਇਆ ਸੀ। ਜਿਉਂ ਜਿਉਂ ਰਾਤ ਬੀਤਦੀ ਗਈ ਤਿਉਂ ਤਿਉਂ ਮਹਾਰਾਣੀ ਦੀ ਹਾਲਤ ਖਰਾਬ ਹੁੰਦੀ ਗਈ। ਜਦ ਰਾਤ ਮੁੱਕੀ ਸੂਰਜ ਚੜ੍ਹਨ ਲੱਗਾ ਤਾਂ ਬੜੀ ਔਖਿਆਈ ਨਾਲ ਮਹਾਰਾਣੀ ਨੇ ਪੁੱਛਿਆ, "ਆਇਆ ਨਹੀਂ ? ਅੱਛਾ ਮੈਂ ਤਾਂ ਚੱਲੀ ਹਾਂ। ਉਸ ਨੂੰ ਆਖ ਦਿਓ...ਉਡੀਕਦੀ ਮਰ ਗਈ। ਮੇਰੇ ਦਲੀਪ ਨੂੰ ਆਖਣਾ ਮੇਰੇ ਤਨ



NamdhariElibrary NamdhariElibrary@gmail.com



ਜਿੰਦਾਂ ਦੇ ਆਖਰੀ ਵਚਨ



Namdhari Elibrary NamdhariElibrary@gmail.com

ਦਾ ਸਸਕਾਰ ਸ਼ੇਰੇ-ਪੰਜਾਬ ਦੀ ਸਮਾਧੀ ਦੇ ਨੇੜੇ ਕਰੇ। ਇਹੋ ਮੇਰੀ ਇੱਛਾ ਹੈ। ਮੈਂ ਪਿਆਰੇ ਪੰਜਾਬ ਦੀ ਲੱਕੜੀ ਨਾਲ ਸੜਨਾ ਲੋਚਦੀ ਹਾਂ। ਮੇਰੇ ਫੁੱਲ ਦਰਿਆ ਰਾਵੀ ਤੇ ਭੇਟ ਕੀਤੇ ਜਾਣ, ਜਿਸ ਦੇ ਕੰਢੇ ਮੈਂ ਜੰਮੀ ਪਲੀ। ਮੇਰੇ ਪੁੱਤਰ ਨੂੰ ਆਖਣਾ ਅੰਗਰੇਜ਼ ਤੇ ਭਰੋਸਾ ਨਾ ਕਰੇ ? ਸਗੋਂ ਆਪਣਾ ਹੱਕ ਲੈਣ ਵਾਸਤੇ ਹਿੰਮਤ ਕਰੇ। ਉਹ ਉਸ ਸ਼ੇਰੇ-ਪੰਜਾਬ ਦਾ ਪੁੱਤਰ ਹੈ, ਜਿਸ ਦੇ ਹੱਥ ਸਦਾ ਤਲਵਾਰ ਰਹੀ। ਬਸ ਇਹੀ ਮੇਰਾ ਸੁਨੇਹਾ ਹੈ।" ਮਹਾਰਾਣੀ ਬੋਲਣ ਤੋਂ ਅਸਮੱਰਥ ਹੋ ਗਈ, ਘੋਰੜੂ ਵੱਜਣ ਲੱਗ ਪਿਆ। ਅੰਤਮ ਵਾਰ ਮਹਾਰਾਣੀ ਦਾ ਸਰੀਰ ਜ਼ੋਰ ਨਾਲ ਕੰਬਿਆ ਤੇ ਇਸ ਕਾਂਬੇ ਦੇ ਨਾਲ ਹੀ ਇਕ ਮੱਧਮ ਜਿਹੀ ਹੂਕ ਅੰਦਰੋਂ ਉੱਠੀ, ਮੇ...ਰਾ ਦ...ਲੀ...ਪ।" ਤੇ ਇੰਜ ਮਹਾਰਾਣੀ ਆਪਣੇ ਪੁੱਤਰ ਦੇ ਪਹੁੰਚਣ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਗਈ।

ਜਿਸ ਜਿੰਦਾਂ ਕੋਲੋਂ ਸਾਰਾ ਬਰਤਾਨਵੀ ਸਾਮਰਾਜ ਡਰਦਾ ਸੀ ਉਸ ਦੀ ਲੋਥ ਇਕ ਸੰਦੂਕ ਵਿਚ ਬੰਦ ਕਰਕੇ, ਦੁੱਖੀ ਹੋਇਆ ਮਹਾਰਾਜਾ ਦਲੀਪ ਸਿੰਘ ਹਿੰਦੁਸਤਾਨ ਨੂੰ ਜਾ ਰਿਹਾ ਸੀ।

## *ਜਿੰਦਾਂ ਦੀ ਇੱਛਾ ਪੂਰੀ ਨਾ ਹੋਈ*

ਜਹਾਜ਼ ਜਦੋਂ ਬੰਬਈ ਦੀ ਬੰਦਰਗਾਹ ਤੇ ਲੱਗਿਆ ਤਾਂ ਅੰਗਰੇਜ਼ ਸਰਕਾਰ ਵਲੋਂ ਮਹਾਰਾਜੇ ਨੂੰ ਹੁਕਮ ਆਇਆ ਕਿ 'ਹਕੂਮਤ ਬਰਤਾਨੀਆ ਨੂੰ ਖ਼ਤਰਾ ਹੈ ਕਿ ਪੰਜਾਬ ਵਿਚ ਮਹਾਰਾਣੀ ਦੀ ਦੇਹ ਦਾ ਸਸਕਾਰ ਕਰਨ ਤੇ ਮਹਾਰਾਜ ਦਲੀਪ ਸਿੰਘ ਦੀ ਹਾਜ਼ਰੀ ਕਿਤੇ ਬਗ਼ਾਵਤ ਦਾ ਕਾਰਨ ਨਾ ਬਣੇ, ਸੋ ਮਹਾਰਾਣੀ ਦਾ ਸਸਕਾਰ ਬੰਬਈ ਪ੍ਰਾਂਤ ਵਿਚ ਹੀ ਕੀਤਾ ਜਾਵੇ ਤੇ ਜਿੰਨੀ ਛੇਤੀ ਹੋਵੇ ਮਹਾਰਾਜਾ ਸਾਹਿਬ ਵਾਪਸ ਇੰਗਲਿਸਤਾਨ ਤਸ਼ਰੀਫ਼ ਲੈ ਜਾਣ।'

ਇਹ ਨਿਰਾਦਰੀ ਭਰਿਆ ਹੁਕਮ ਸੁਣ ਕੇ ਮਹਾਰਾਜਾ ਦਲੀਪ ਸਿੰਘ ਗੁੱਸੇ ਨਾਲ ਕੰਬ ਉੱਠਿਆ ਪਰ ਉਸ ਦਾ ਕੋਈ ਜ਼ੋਰ ਨਾ ਚੱਲਿਆ। ਬੰਬਈ ਪ੍ਰਾਂਤ ਦੇ ਸ਼ਹਿਰ ਨਾਸਿਕ ਦੇ ਨੇੜੇ ਅਤੇ ਨਰਬਦਾ ਨਦੀ ਦੇ ਕਿਨਾਰੇ ਆਪਣੀ ਪਿਆਰੀ ਮਾਤਾ


NamdhariElibrary NamdhariElibrary@gmail.com

ਦੀ ਚਿਖਾ ਨੂੰ ਲਾਂਬੂ ਲਾਉਣ ਵੇਲੇ ਉਸ ਨੇ ਧਾਹੀਂ ਮਾਰਦਿਆਂ ਆਪਣੀ ਮਾਤਾ ਕੋਲੋਂ ਮੁਆਫੀ ਮੰਗੀ, ਓ ਮਾਤਾ ਜੀ ਮੈਨੂੰ ਮਾਫ ਕਰਨਾ। ਫ਼ਰੰਗੀ ਦਾ ਰਾਜਸੀ ਬਲ ਮੈਨੂੰ ਪੰਜਾਬ ਜਾਣੋਂ ਰੋਕਦਾ ਹੈ, ਬੇਗਾਨੀ ਜੂਹ ਵਿਚ ਤੇਰੀ ਮੜ੍ਹੀ ਬਣ ਰਹੀ ਹੈ।"

ਪੰਜਾਬ ਦੇ ਸਮਰਾਟ ਦੀ ਪਿਆਰੀ ਜਿੰਦਾਂ ਅਤੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਜੀ ਦੀ ਜੀਵਨ ਕਹਾਣੀ ਮੁੱਕ ਗਈ। ਉਸ ਦੀ ਭਸਮ ਤੇ ਅਸਥੀਆਂ ਇਕੱਠੀਆਂ ਕਰਕੇ ਨਰਬਦਾ ਨਦੀ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ।

ਮਹਾਰਾਜਾ ਦਲੀਪ ਸਿੰਘ ਆਪਣੇ ਸੇਵਕ ਸੂਰਤੀ ਨਾਲ ਬਾਕੀ ਦਾਸੀਆਂ ਤੇ ਸੇਵਕ ਨੂੰ ਸਦਾ ਵਾਸਤੇ ਵਿਦਾ ਕਰਕੇ ਵਾਪਸ ਵਲੈਤ ਮੁੜ ਗਿਆ।


NamdhariElibrary NamdhariElibrary@gmail.com

Namdhari Elibrary Namdhari Elibrary@gmail.com
Namdhari Elibrary Namdhari Elibrary@gmail.com

Namdhari Elibrary NamdhariElibrary@gmail.com
Namdhari Elibrary NamdhariElibrary@gmail.com

Namdhari Elibrary Namdhari Elibrary@gmail.com